# ਹਾਈ ਸਟੈਂਡਰਡ ਨਿਊਜ਼

HIGH STANDARD NEWS

HIGHSTANDARDNEWS

Date 17.05.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | May-2024 | Published in Punjab | Pages 8


## PM ਮੋਦੀ ਭਰੋਸਾ ਗੁਆ ਚੁੱਕੇ ਹਨ, ਕਿਉਂਕਿ ਜਨਤਾ ਰਾਜਨੀਤਕ ਤਬਦੀਲੀ ਚਾਹੁੰਦੀ ਹੈ



ਰਾਸ਼ਟਰਵਾਦੀ ਕਾਂਗਰਸ ਪਾਰਟੀ (ਸ਼ਰਦਚੰਦਰ ਪਵਾਰ) ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਹ (ਮੋਦੀ) ਆਪਣਾ ਵਿਸ਼ਵਾਸ ਗੁਆ ਚੁੱਕੇ ਹਨ, ਕਿਉਂਕਿ ਜਨਤਾ ਇਸ ਵਾਰ ਰਾਜਨੀਤਕ ਤਬਦੀਲੀ ਚਾਹੁੰਦੀ ਹੈ। ਪਵਾਰ ਨੇ ਪ੍ਰਧਾਨ ਮੰਤਰੀ ਮੋਦੀ ਨੂੰ 'ਜਿਰੇਟੋਪ' ਪਹਿਨਾਉਣ ਲਈ ਅਜੀਤ ਪਵਾਰ ਦੀ ਅਗਵਾਈ ਵਾਲੀ ਰਾਕਾਂਪਾ ਦੇ ਨੇਤਾ ਪ੍ਰਫੁਲ ਪਟੇਲ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਇਹ ਸਾਬਕਾ ਕੇਂਦਰੀ ਮੰਤਰੀ ਦੀ 'ਲਾਚਾਰੀ' ਨੂੰ ਦਿਖਾਉਂਦਾ ਹੈ। ਛਤਰਪਤੀ ਸ਼ਿਵਾਜੀ ਮਹਾਰਾਜ ਹਮੇਸ਼ਾ 'ਜਿਰੇਟੋਪ' ਪਾਉਂਦੇ ਸਨ। ਪਵਾਰ ਨੇ ਕਿਹਾ,''ਲੋਕ ਸਭਾ ਚੋਣਾਂ ਦੌਰਾਨ ਮੈਂ ਕਈ ਜਗ੍ਹਾ ਪ੍ਰਚਾਰ ਕਰਨ ਗਿਆ। ਲੋਕਾਂ ਦੀ ਮਾਨਸਿਕਤਾ (ਰਾਜਨੀਤਕ) ਹੁਣ ਬਦਲ ਚੁੱਕੀ ਹੈ ਅਤੇ ਇਸ ਕਾਰਨ ਮੋਦੀ ਆਪਣਾ ਭਰੋਸਾ ਗੁਆ ਚੁੱਕੇ ਹਨ। ਰਾਜ 'ਚ ਮਹਾਵਿਕਾਸ ਅਘਾੜੀ ਦੇ ਸਮਰਥਨ 'ਚ ਹਵਾ ਹੈ।'' ਪਵਾਰ ਨੇ ਮੁੰਬਈ ਦੇ ਘਾਟਕੋਪਰ ਇਲਾਕੇ 'ਚ ਬੁੱਧਵਾਰ ਨੂੰ ਰੋਡ ਸ਼ੋਅ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਦੀ ਆਲੋਚਨਾ ਕੀਤੀ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ,''ਮੋਦੀ ਨੇ ਗੁਜਰਾਤੀ ਬਹੁਲਤਾ ਵਾਲੇ ਇਕ ਇਲਾਕੇ 'ਚ ਰੋਡ ਸ਼ੋਅ ਕੀਤਾ। ਜਦੋਂ ਤੁਸੀਂ ਇਕ ਦੇਸ਼ ਦੀ ਅਗਵਾਈ ਕਰ ਰਹੇ ਹੋ, ਉਦੋਂ ਜਾਤੀ ਅਤੇ ਧਰਮ ਬਾਰੇ ਸੋਚਣਾ ਸਹੀ ਨਹੀਂ ਹੈ। ਮੁੰਬਈ ਵਰਗੇ ਸ਼ਹਿਰ 'ਚ ਰੋਡ ਸ਼ੋਅ ਕਰਨਾ ਸਹੀ ਚੀਜ਼ ਨਹੀਂ ਹੈ। ਲੋਕਾਂ ਨੂੰ ਘੰਟਿਆਂ ਤੱਕ ਇੰਤਜ਼ਾਰ ਕਰਨਾ ਪਿਆ। ਉਨ੍ਹਾਂ ਨੂੰ ਇਸ ਕਾਰਨ ਪਰੇਸ਼ਾਨੀ ਹੋਈ, ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ।'' ਰੋਡ ਸ਼ੋਅ ਤੋਂ ਪਹਿਲਾਂ ਜਾਗ੍ਰਿਤੀ ਨਗਰ ਅਤੇ ਘਾਟਕੋਪਰ ਸਟੇਸ਼ਨ ਦਰਮਿਆਨ ਮੁੰਬਈ ਮੈਟਰੋ ਰੇਲ ਸੇਵਾ ਸੁਰੱਖਿਆ ਕਾਰਨਾਂ ਕਰ ਕੇ ਮੁਅੱਤਲ ਕਰ ਦਿੱਤੀ ਗਈ ਸੀ।ਪੁਲਸ ਨੇ ਰੋਡ ਸ਼ੋਅ ਕਾਰਨ ਨੇੜੇ-ਤੇੜੇ ਦੀਆਂ ਕੁਝ ਸੜਕਾਂ ਨੂੰ ਬੰਦ ਕੀਤਾ ਅਤੇ ਕੁਝ 'ਤੇ ਮਾਰਗ ਤਬਦੀਲ ਕਰ ਦਿੱਤੇ। ਪਵਾਰ ਨੇ ਜਿਰੇਟੋਪ ਵਿਵਾਦ 'ਤੇ ਕਿਹਾ,''ਜਿਰੇਟੋਪ ਅਤੇ ਮਹਾਰਾਸ਼ਟਰ ਦਾ ਇਤਿਹਾਸ ਹੈ। ਲਾਚਾਰੀ ਦੀ ਵੀ ਸੀਮਾ ਹੁੰਦੀ ਹੈ ਪਰ ਚੰਗਾ ਹੈ ਕਿ ਉਨ੍ਹਾਂ ਨੇ ਕਿਹਾ ਕਿ ਉਹ ਭਵਿੱਖ 'ਚ ਇਸ ਦਾ ਧਿਆਨ ਰੱਖਣਗੇ।'' ਵਾਰਾਣਸੀ 'ਚ ਨਾਮਜ਼ਦਗੀ ਦਾਖ਼ਲ ਕਰਨ ਤੋਂ ਪਹਿਲੇ ਪਟੇਲ ਨੇ ਪ੍ਰਧਾਨ ਮੰਤਰੀ ਮੋਦੀ ਦੇ ਸਿਰ 'ਤੇ 'ਜਿਰੇਟੋਪ' ਪਹਿਨਾਇਆ, ਜਿਸ ਨੂੰ ਲੈ ਕੇ ਵਿਵਾਦ ਛਿੜ ਗਿਆ। ਵਿਰੋਧੀ ਦਲਾਂ ਨੇ ਇਸ ਦੀ ਕਾਫ਼ੀ ਆਲੋਚਨਾ ਕੀਤੀ।

## ਭਾਜਪਾ ਨੇ ਕਾਂਗਰਸ 'ਚੋਂ ਆਏ ਤੇਜਿੰਦਰ ਬਿੱਟੂ ਨੂੰ ਸੌਂਪੀ ਅਹਿਮ ਜ਼ਿੰਮੇਵਾਰੀ



ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜਗਤ ਪ੍ਰਕਾਸ਼ ਨੱਢਾ ਨੇ ਹਾਲ ਹੀ ’ਚ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ’ਚ ਸ਼ਾਮਲ ਹੋਏ ਤੇਜਿੰਦਰ ਪਾਲ ਸਿੰਘ ਬਿੱਟੂ ਨੂੰ ਲੋਕ ਸਾ ਚੋਣਾਂ ਨੂੰ ਦੇਖਦੇ ਹਰਿਆਣਾ ਸੂਬੇ ਦਾ ਭਾਜਪਾ ਦਾ ਸਹਿ-ਸੰਯੋਜਕ ਨਿਯੁਕਤ ਕੀਤਾ ਹੈ। ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਅਤੇ ਹੈੱਡਕੁਆਰਟਰ ਇੰਚਾਰਜ ਅਰੁਨ ਸਿੰਘ ਨੇ ਤੇਜਿੰਦਰ ਬਿੱਟੂ ਦੀ ਨਿਯੁਕਤੀ ਕਰਨ ਦੀਆਂ ਕਾਪੀਆਂ ਹਰਿਆਣਾ ਦੇ ਮੁੱਖ ਮੰਤਰੀ, ਹਰਿਆਣਾ ਦੇ ਜਨਰਲ ਸਕੱਤਰ ਤੇ ਇੰਚਾਰਜ ਤੇ ਹੋਰ ਸਬੰਧਤ ਆਗੂਆਂ ਨੂੰ ਭੇਜੀ ਹੈ।ਤੇਜਿੰਦਰ ਬਿੱਟੂ ਨੂੰ ਭਾਜਪਾ ਹਾਈ ਕਮਾਨ ਨੇ ਕੁਝ ਦਿਨ ਪਹਿਲਾਂ ਪਾਰਟੀ ’ਚ ਸ਼ਾਮਲ ਕੀਤਾ। ਇਸ ਤੋਂ ਪਹਿਲਾਂ ਉਹ ਕਾਂਗਰਸ ਵੱਲੋਂ ਹਿਮਾਚਲ ਪ੍ਰਦੇਸ਼ ਦੇ ਸਹਿ-ਮੁਖੀ ਸਨ ਅਤੇ ਨਾਲ ਹੀ ਪਾਰਟੀ ਦੇ ਰਾਸ਼ਟਰੀ ਸਕੱਤਰ ਵਜੋਂ ਕੰਮ ਕਰ ਰਹੇ ਸਨ। ਬਿੱਟੂ ਦੀ ਨਾਰਾਜ਼ਗੀ ਇਸ ਲਈ ਪੈਦਾ ਹੋ ਗਈ ਸੀ ਕਿਉਂਕਿ ਕਾਂਗਰਸ ਲੀਡਰਸ਼ਿਪ ਨੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਚੋਣਾਂ ’ਚ ਪਾਰਟੀ ਦੀ ਜਿੱਤ ਪਿੱਛੋਂ ਉਨ੍ਹਾਂ ਨੂੰ ਰਾਜ ਸਭਾ ’ਚ ਭੇਜਣ ਦਾ ਭਰੋਸਾ ਦਿੱਤਾ ਸੀ ਪਰ ਰਾਜ ਸਭਾ ਚੋਣਾਂ ’ਚ ਪਾਰਟੀ ਲੀਡਰਸ਼ਿਪ ਨੇ ਕਿਸੇ ਹੋਰ ਆਗੂ ਨੂੰ ਟਿਕਟ ਦੇ ਦਿੱਤੀ ਸੀ।ਬਿੱਟੂ ਨੇ ਆਪਣੀ ਨਿਯੁਕਤੀ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਹਰਿਆਣਾ ’ਚ ਭਾਜਪਾ ਦੀ ਜਿੱਤ ਲਈ ਉਹ ਹਰ ਸੰਭਵ ਕੋਸ਼ਿਸ਼ ਕਰਨਗੇ।

## ਭਾਜਪਾ ਦੇ 435 ਉਮੀਦਵਾਰਾਂ ’ਚੋਂ 106 ਦਲ-ਬਦਲੂ, ਪਿਛਲੇ 10 ਸਾਲਾਂ ’ਚ ਪਲਟਿਆ ਪਾਸਾ




ਦੇਸ਼ ’ਚ ਹੁਣ ਪਾਰਟੀ ਬਦਲਣ ਦੀ ਰਵਾਇਤ ’ਤੇ ਆਮ ਲੋਕਾਂ ਨੂੰ ਜ਼ਿਆਦਾ ਹੈਰਾਨੀ ਨਹੀਂ ਹੁੰਦੀ। ਇਸ ਲਈ ਕਦੋਂ ਕਿਹੜਾ ਨੇਤਾ ਕਿਸ ਪਾਰਟੀ ’ਚ ਨਜ਼ਰ ਆ ਜਾਵੇ ਇਹ ਇਕ ਆਮ ਗੱਲ ਹੋ ਗਈ ਹੈ। ਇਸ ਵਾਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਈ ਸਿਆਸੀ ਪਾਰਟੀਆਂ ਦੇ ਨੇਤਾ ਆਪਣੀ ਪਾਰਟੀ ਛੱਡ ਕੇ ਭਾਜਪਾ ’ਚ ਸ਼ਾਮਲ ਹੋ ਗਏ ਹਨ। ਇਕ ਮੀਡੀਆ ਰਿਪੋਰਟ ਮੁਤਾਬਕ ਭਾਜਪਾ ਦੀ 435 ਉਮੀਦਵਾਰਾਂ ਦੀ ਸੂਚੀ ’ਚ 106 ਉਮੀਦਵਾਰ ਅਜਿਹੇ ਹਨ, ਜੋ ਪਿਛਲੇ 10 ਸਾਲਾਂ ’ਚ ਹੋਰ ਸਿਆਸੀ ਪਾਰਟੀਆਂ ਤੋਂ ਭਗਵਾ ਪਾਰਟੀ ’ਚ ਆਏ ਹਨ। ਜਦਕਿ ਇਨ੍ਹਾਂ ’ਚੋਂ 90 ਅਜਿਹੇ ਵੀ ਹਨ, ਜੋ ਕਰੀਬ ਪੰਜ ਸਾਲ ਪਹਿਲਾਂ ਹੀ ਭਾਜਪਾ ’ਚ ਸ਼ਾਮਲ ਹੋਏ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਾਰ ਚੋਣਾਂ ’ਚ ਭਾਜਪਾ ਦੀ ਸਾਰੀ ਜ਼ਿੰਮੇਵਾਰੀ ਦਲ-ਬਦਲੂਆਂ ’ਤੇ ਹੈ।ਭਾਜਪਾ ’ਚ ਦੂਸਰੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਟਿਕਟਾਂ ਦੇਣ ਦੇ ਮਾਮਲੇ ’ਚ ਉੱਤਰ ਪ੍ਰਦੇਸ਼ ਸਭ ਤੋਂ ਉੱਪਰ ਹੈ। ਇਥੇ ਪਿਛਲੇ ਇਕ ਦਹਾਕੇ ਤੋਂ ਸੰਸਦੀ ਅਤੇ ਵਿਧਾਨ ਸਭਾ ਚੋਣਾਂ ’ਚ ਭਾਜਪਾ ਦਾ ਦਬਦਬਾ ਰਿਹਾ ਹੈ। ਭਾਵੇਂ ਉਹ ਲੋਕ ਸਭਾ ਚੋਣਾਂ ਹੋਣ ਜਾਂ ਵਿਧਾਨ ਸਭਾ ਚੋਣਾਂ। ਇਥੇ ਭਾਜਪਾ ਦੇ ਚੋਣ ਨਿਸ਼ਾਨ ’ਤੇ ਚੋਣ ਲੜ ਰਹੇ ਇਕ ਸਾਥੀ ਨੂੰ ਛੱਡ ਕੇ ਭਾਜਪਾ ਦੇ ਸਾਰੇ 74 ਉਮੀਦਵਾਰਾਂ ’ਚੋਂ 23 ਅਜਿਹੇ ਹਨ, ਜੋ ਸਾਲ 2014 ਤੋਂ ਬਾਅਦ ਕਿਸੇ ਸਮੇਂ ਭਾਜਪਾ ’ਚ ਸ਼ਾਮਲ ਹੋਏ ਹਨ। ਸੂਬੇ ’ਚ ਭਾਜਪਾ ਉਮੀਦਵਾਰਾਂ ਦੀ ਗਿਣਤੀ 31 ਫੀਸਦੀ ਹੈ।

ਹਰਿਆਣਾ ਦੀ ਗੱਲ ਕਰੀਏ ਤਾਂ ਇੱਥੇ ਪਿਛਲੇ ਇਕ ਦਹਾਕੇ ਤੋਂ ਭਾਜਪਾ ਦੀ ਮੌਜੂਦਗੀ ਹੈ। ਇਸ ਦੇ ਬਾਵਜੂਦ ਸੂਬੇ ’ਚ ਭਾਜਪਾ ਦੇ 10 ’ਚੋਂ 6 ਉਮੀਦਵਾਰ ਅਜਿਹੇ ਹਨ, ਜਿਨ੍ਹਾਂ ਨੇ 2014 ਤੋਂ ਬਾਅਦ ਪਾਰਟੀਆਂ ਬਦਲੀਆਂ ਹਨ। ਇਨ੍ਹਾਂ ’ਚੋਂ ਦੋ, ਨਵੀਨ ਜਿੰਦਲ ਅਤੇ ਅਸ਼ੋਕ ਤੰਵਰ ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਇਸੇ ਤਰ੍ਹਾਂ ਪੰਜਾਬ ’ਚ ਪਾਰਟੀ ਦੇ 13 ਉਮੀਦਵਾਰਾਂ ’ਚੋਂ ਅੱਧੇ ਤੋਂ ਵੱਧ ਅਜਿਹੇ ਹਨ, ਜੋ ਕੁਝ ਸਮਾਂ ਪਹਿਲਾਂ ਤੱਕ ਦੂਜੀਆਂ ਪਾਰਟੀਆਂ ਵਿਚ ਸਨ। ਇਨ੍ਹਾਂ ’ਚੋਂ ਕੁਝ ਕਾਂਗਰਸ ਵਿਚ ਸਨ ਪਰ ਅਮਰਿੰਦਰ ਸਿੰਘ ਦੇ ਨਾਲ ਹੀ ਕਾਂਗਰਸ ਛੱਡ ਕੇ ਭਾਜਪਾ ’ਚ ਸ਼ਾਮਲ ਹੋ ਗਏ, ਉਨ੍ਹਾਂ ਨੇ ਆਪਣੀ ਨਵੀਂ ਪਾਰਟੀ ਨੂੰ ਭਗਵਾ ਪਾਰਟੀ ’ਚ ਮਿਲਾ ਲਿਆ।ਝਾਰਖੰਡ ਦੇ ਹਾਲਾਤ ਪੰਜਾਬ ਵਰਗੇ ਹੀ ਹਨ, ਜਿੱਥੇ 13 ’ਚੋਂ 7 ਉਮੀਦਵਾਰ ਇਕ ਦਹਾਕਾ ਜਾਂ ਇਸ ਤੋਂ ਘੱਟ ਸਮਾਂ ਪਹਿਲਾਂ ਦੂਜੀਆਂ ਪਾਰਟੀਆਂ ਦੇ ਮੈਂਬਰ ਸਨ। ਇਸ ਮਾਮਲੇ ’ਚ ਝਾਰਖੰਡ ਮੁਕਤੀ ਮੋਰਚਾ (ਜੇ. ਐੱਮ. ਐੱਮ.) ਦੇ ਮੈਂਬਰ, ਕਾਂਗਰਸ ਅਤੇ ਤੱਤਕਾਲੀਨ ਝਾਰਖੰਡ ਵਿਕਾਸ ਮੋਰਚਾ (ਜੇ. ਵੀ. ਐੱਮ.) ਤੋਂ ਹਨ, ਜਿਨ੍ਹਾਂ ’ਚੋਂ ਸਭ ਤੋਂ ਹਾਈ ਪ੍ਰੋਫਾਈਲ ਸੀਤਾ ਸੋਰੇਨ ਹਨ। ਸੀਤਾ ਸੂਬੇ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਭਰਜਾਈ ਹੈ।

# ਸੁਨੀਲ ਜਾਖੜ ਨੇ ਯੋਗੀ ਅਦਿੱਤਿਆਨਾਥ ਨੂੰ ਦਿੱਤਾ ਪੰਜਾਬ ਆਉਣ ਦਾ ਸੱਦਾ, ਜਲੰਧਰ ਸਣੇ 3 ਸੀਟਾਂ 'ਤੇ ਕਰਨਗੇ ਚੋਣ ਪ੍ਰਚਾਰ




ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਹੈ। ਪੰਜਾਬ ਭਾਜਪਾ ਵੱਲੋਂ 3 ਲੋਕ ਸਭਾ ਸੀਟਾਂ 'ਤੇ ਯੋਗੀ ਅਦਿੱਤਿਆਨਾਥ ਵੱਲੋਂ ਪ੍ਰਚਾਰ ਕਰਵਾਏ ਜਾਣ ਦੀ ਯੋਜਨਾ ਹੈ। ਇਸ ਦੇ ਨਾਲ ਹੀ ਉਨ੍ਹਾਂ ਯੋਗੀ ਅਦਿੱਤਿਆਨਾਥ ਦੀ ਪੰਜਾਬ ਫੇਰੀ ਦੇ ਪ੍ਰੋਗਰਾਮ ਦਾ ਪ੍ਰਸਤਾਅ ਵੀ ਭੇਜਿਆ ਹੈ। ਜਾਖੜ ਨੇ ਇੱਛਾ ਜਤਾਈ ਹੈ ਕਿ ਯੋਗੀ ਬਟਾਲਾ, ਜਲੰਧਰ ਅਤੇ ਲੁਧਿਆਣਾ ਵਿਚ ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਲੁਧਿਆਣਾ ਵਿਚ ਰਾਤ ਰਹਿਣ ਦਾ ਪ੍ਰਬੰਧ ਕਰਨ ਦੀ ਵੀ ਗੱਲ ਕਹੀ ਹੈ। ਜਾਖੜ ਨੇ ਯੋਗੀ ਨੂੰ ਕਿਹਾ ਹੈ ਕਿ ਤੁਹਾਡੇ ਦੌਰੇ ਨਾਲ ਪੰਜਾਬ ਵਿਚ ਭਾਜਪਾ ਦੀ ਚੋਣ ਮੁਹਿੰਮ ਨੂੰ ਕਾਫ਼ੀ ਮਦਦ ਮਿਲੇਗੀ। ਸੁਨੀਲ ਜਾਖੜ ਨੇ ਯੋਗੀ ਅਦਿੱਤਿਆਨਾਥ ਨੂੰ ਲਿਖੀ ਚਿੱਠੀ ਵਿਚ ਕਿਹਾ ਹੈ ਕਿ ਤੁਹਾਡੀ ਯੋਗਤਾ, ਕਾਰਜਸ਼ੈਲੀ ਅਤੇ ਨਿਸ਼ਠਾ ਦੇ ਚਲਦਿਆਂ ਪੰਜਾਬ ਵਿਚ ਵੀ ਤੁਹਾਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ। ਤੁਹਾਡੀ ਕਾਰਜਸ਼ੈਲੀ ਅਤੇ ਕਾਰਜਕੁਸ਼ਲਤਾ ਪੰਜਾਬ ਵਿਚ ਚਰਚਾ ਦਾ ਕੇਂਦਰ ਬਣੀ ਹੋਈ ਹੈ। ਹੁਣ ਯੋਗੀ ਅਦਿੱਤਿਆਨਾਥ ਵੱਲੋਂ ਇਸ ਚਿੱਠੀ ਦੇ ਜਵਾਬ ਦਾ ਇੰਤਜ਼ਾਰ ਰਹੇਗਾ। ਜੇਕਰ ਯੋਗੀ ਇਸੇ ਯੋਜਨਾ ਤਹਿਤ ਪੰਜਾਬ ਆਉਂਦੇ ਹਨ ਤਾਂ ਉਹ ਬਟਾਲਾ, ਜਲੰਧਰ ਅਤੇ ਲੁਧਿਆਣਾ ਵਿਚ ਭਾਜਪਾ ਲਈ ਪ੍ਰਚਾਰ ਕਰਨਗੇ। ਇਸ ਦੌਰਾਨ ਉਹ ਜਲੰਧਰ ਤੋਂ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ, ਲੁਧਿਆਣਾ ਤੋਂ ਉਮੀਦਵਾਰ ਰਵਨੀਤ ਬਿੱਟੂ ਅਤੇ ਗੁਰਦਾਸਪੁਰ ਤੋਂ ਉਮੀਦਵਾਰ ਦਿਨੇਸ਼ ਸਿੰਘ ਬੱਬੂ ਦੇ ਹੱਕ ਵਿਚ ਚੋਣ ਪ੍ਰਚਾਰ ਕਰਦੇ ਨਜ਼ਰ ਆਉਣਗੇ।

# 2 ਦਿਨਾਂ ਲਈ High Alert, ਧਿਆਨ ਦੇਣ ਲੋਕ, ਸਵੇਰੇ 11 ਤੋਂ ਸ਼ਾਮ 4 ਵਜੇ ਤੱਕ ਨਾ ਨਿਕਲਣ ਬਾਹਰ



ਲਗਾਤਾਰ ਵੱਧ ਰਹੀ ਗਰਮੀ ਕਾਰਨ ਲੋਕਾਂ ਦੇ ਪਸੀਨੇ ਛੁੱਟਣੇ ਸ਼ੁਰੂ ਹੋ ਗਏ ਹਨ। ਵੀਰਵਾਰ ਨੂੰ ਪਾਰਾ 41 ਡਿਗਰੀ ਤੋਂ ਪਾਰ ਪਹੁੰਚ ਗਿਆ। ਇਸ ਕਾਰਨ ਹੁਣ ਦਿਨ ਦੇ ਨਾਲ ਰਾਤਾਂ ਵੀ ਗਰਮ ਹੋ ਗਈਆਂ ਹਨ। ਚੰਡੀਗੜ੍ਹ ਮੌਸਮ ਵਿਗਿਆਨ ਕੇਂਦਰ ਦੀ ਮੰਨੀਏ ਤਾਂ ਅਗਲੇ 5 ਦਿਨਾਂ ’ਚ ਪਾਰਾ 44 ਡਿਗਰੀ ਤੱਕ ਪਹੁੰਚਣ ਦੀ ਸੰਭਾਵਨਾ ਹੈ। ਕੇਂਦਰ ਨੇ ਅਲਰਟ ਜਾਰੀ ਕਰਦਿਆਂ ਐਡਵਾਈਜ਼ਰੀ ਜਾਰੀ ਕੀਤੀ ਹੈ ਕਿ 2 ਦਿਨਾਂ ਲਈ ਜੇਕਰ ਜ਼ਰੂਰੀ ਨਾ ਹੋਵੇ ਤਾਂ ਸਵੇਰੇ 11 ਤੋਂ ਸ਼ਾਮ 4 ਵਜੇ ਤੱਕ ਘਰੋਂ ਬਾਹਰ ਨਾ ਜਾਓ। ਜਿੰਨਾ ਹੋ ਸਕੇ ਆਪਣੇ ਆਪ ਨੂੰ ਹਾਈਡਰੇਟ ਰੱਖੋ। ਵੀਰਵਾਰ ਨੂੰ ਇਕ ਵਾਰ ਫ਼ਿਰ ਤੋਂ ਦਿਨ ਦੇ ਤਾਪਮਾਨ ’ਚ ਵਾਧਾ ਦੇਖਿਆ ਗਿਆ। ਇਹ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਰਿਹਾ। ਵੱਧ ਤੋਂ ਵੱਧ ਤਾਪਮਾਨ 41.9 ਡਿਗਰੀ ਦਰਜ ਕੀਤਾ ਗਿਆ, ਜੋ ਆਮ ਨਾਲੋਂ 3 ਡਿਗਰੀ ਵੱਧ ਸੀ। ਜੇਕਰ ਕੁੱਝ ਦਿਨਾਂ ’ਚ ਤਾਪਮਾਨ 44 ਡਿਗਰੀ ਜਾਂ ਇਸ ਤੋਂ ਉਪਰ ਚਲਾ ਜਾਂਦਾ ਹੈ ਤਾਂ 2004 ਤੋਂ ਬਾਅਦ ਇਹ ਪਹਿਲੀ ਵਾਰ ਹੋਵੇਗਾ ਕਿ ਮਈ ’ਚ ਤਾਪਮਾਨ ਇੰਨਾ ਜ਼ਿਆਦਾ ਹੋਵੇਗਾ। ਵਿਭਾਗ ਨੇ 5 ਦਿਨਾਂ ਲਈ ਅਲਰਟ ਵੀ ਦਿੱਤਾ ਹੈ। ਸ਼ੁੱਕਰਵਾਰ ਨੂੰ ਯੈਲੋ ਅਲਰਟ ਤੇ 18-19 ਨੂੰ ਆਰੇਂਜ ਅਲਰਟ ਦਿੱਤਾ ਗਿਆ ਹੈ। ਜਦਕਿ ਬੀਤੀ ਰਾਤ ਦਾ ਤਾਪਮਾਨ 25 ਡਿਗਰੀ ਦਰਜ ਕੀਤਾ ਗਿਆ। ਕੇਂਦਰ ਮੁਤਾਬਕ ਪੰਜਾਬ, ਹਰਿਆਣਾ ਤੇ ਚੰਡੀਗੜ੍ਹ ’ਚ ਇਸ ਸਮੇਂ ਮੌਸਮ ਖੁਸ਼ਕ ਹੈ ਤੇ ਗਰਮੀ ਦੀ ਲਹਿਰ ਬਰਕਰਾਰ ਹੈ। ਫਿਲਹਾਲ ਦਿਨ ਦੇ ਤਾਪਮਾਨ ’ਚ ਵਾਧਾ ਦੇਖਿਆ ਜਾ ਰਿਹਾ ਸੀ ਪਰ ਕੁੱਝ ਦਿਨਾਂ ’ਚ ਰਾਤ ਦੇ ਤਾਪਮਾਨ ’ਚ ਵੀ ਵਾਧਾ ਹੋਵੇਗਾ। ਹਰਿਆਣਾ ਦੇ ਸਿਰਸਾ ’ਚ 47 ਡਿਗਰੀ ਅਤੇ ਬਠਿੰਡਾ ’ਚ 44 ਡਿਗਰੀ ਤਾਪਮਾਨ ਦਰਜ ਕੀਤਾ ਗਿਆ, ਜੋ ਹੁਣ ਤੱਕ ਦਾ ਸਭ ਤੋਂ ਵੱਧ ਤਾਪਮਾਨ ਹੈ। ਚੰਡੀਗੜ੍ਹ ਵਿਚ ਵੀ ਅਜਿਹੀ ਹੀ ਸਥਿਤੀ ਹੈ।

# ਗੈਂਗਸਟਰ ਲਖਬੀਰ ਲੰਡਾ ਦਾ ਸਾਥੀ ਚੜ੍ਹਿਆ ਪੁਲਸ ਅੜਿੱਕੇ, ਕਈ ਮਾਰੂ ਹਥਿਆਰ ਬਰਾਮਦ



ਪਿਛਲੇ ਮਹੀਨੇ ਲਾਲੜੂ ਥਾਣਾ ਖੇਤਰ ’ਚ ਗ੍ਰਿਫ਼ਤਾਰ ‘ਏ’ ਸ਼੍ਰੇਣੀ ਦੇ ਗੈਂਗਸਟਰ ਮਲਕੀਤ ਸਿੰਘ ਉਰਫ਼ ਨਵਾਬ, ਗਮਦੂਰ ਸਿੰਘ ਤੇ ਅਜੈ ਪਾਲ ਦੀ ਨਿਸ਼ਾਨਦੇਹੀ ’ਤੇ ਸਪੈਸ਼ਲ ਸੈੱਲ ਦੀ ਟੀਮ ਨੇ ਵੀਰਵਾਰ ਨੂੰ ਤਰਨਤਾਰਨ ਦੇ ਸ਼ਰਨਜੀਤ ਸਿੰਘ ਉਰਫ਼ ਸੰਨੀ (24) ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮ ਕੋਲੋਂ 6 ਪਿਸਤੌਲ ਤੇ 20 ਕਾਰਤੂਸ ਬਰਾਮਦ ਕੀਤੇ ਹਨ। ਜਾਂਚ ’ਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਗੈਂਗਸਟਰ ਲਖਬੀਰ ਸਿੰਘ ਲੰਡਾ ਦੇ ਇਸ਼ਾਰੇ ’ਤੇ ਮਾਝਾ ਖੇਤਰ ’ਚ ਸਰਗਰਮ ਸੀ। ਇਥੇ ਹੀ ਉਹ ਨਾਮਵਰ ਲੋਕਾਂ ਨੂੰ ਡਰਾ-ਧਮਕਾ ਕੇ ਫਿਰੌਤੀ ਵਸੂਲਦਾ ਸੀ।ਐੱਸ. ਐੱਸ. ਪੀ. ਡਾਕਟਰ ਸੰਦੀਪ ਕੁਮਾਰ ਗਰਗ ਅਨੁਸਾਰ ਅਪ੍ਰੈਲ ’ਚ ਪੁਲਸ ਨੇ ਲਾਲੜੂ ਥਾਣਾ ਖੇਤਰ ਵਿਚ ‘ਏ’ ਸ਼੍ਰੇਣੀ ਦੇ ਦੋ ਗੈਂਗਸਟਰਾਂ ਮਲਕੀਤ ਸਿੰਘ ਉਰਫ਼ ਨਵਾਬ ਤੇ ਗਮਦੂਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਜਦੋਂ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਇਹ ਆਪਣੀ ਕਾਰ ’ਚ ਨਾਜਾਇਜ਼ ਹਥਿਆਰ ਲੈ ਕੇ ਪੰਜਾਬ ਜਾ ਰਹੇ ਸਨ। ਪੁਲਸ ਨੇ ਇਨ੍ਹਾਂ ਦੇ ਕਬਜ਼ੇ ’ਚੋਂ 6 ਪਿਸਤੌਲ, 12 ਮੈਗਜ਼ੀਨ ਤੇ 10 ਕਾਰਤੂਸ ਬਰਾਮਦ ਕੀਤੇ ਸਨ। ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਇਕ ਹੋਰ ਸਾਥੀ ਅਜੈ ਪਾਲ ਨੂੰ ਕਾਬੂ ਕੀਤਾ ਗਿਆ ਸੀ। ਉਸ ਕੋਲੋਂ ਇਕ ਪਿਸਤੌਲ ਬਰਾਮਦ ਹੋਇਆ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਸਾਰੇ ਮੁਲਜ਼ਮ ਗੈਂਗਸਟਰ ਲਖਬੀਰ ਸਿੰਘ ਲੰਡਾ ਦੇ ਇਸ਼ਾਰੇ ’ਤੇ ਮਾਝਾ ਏਰੀਏ ’ਚ ਸਰਗਰਮ ਸਨ।

# ਜਸਟਿਨ ਟਰੂਡੋ ਦੇ ਕਾਰਜਕਾਲ ਦੌਰਾਨ ਵਾਹਨ ਚੋਰੀ ਦੀਆਂ ਘਟਨਾਵਾਂ ਵਧੀਆਂ



ਇੰਸ਼ੋਰੈਂਸ ਬਿਊਰੋ ਆਫ ਕੈਨੇਡਾ (IBC) ਦੀ ਇੱਕ ਨਵੀਂ ਰਿਪੋਰਟ ਅਨੁਸਾਰ ਆਟੋ ਚੋਰੀ ਲਈ ਬੀਮੇ ਦੇ ਦਾਅਵਿਆਂ ਦੀ ਲਾਗਤ $1.5 ਬਿਲੀਅਨ ਤੱਕ ਪਹੁੰਚ ਗਈ ਹੈ, ਜਿਸਨੇ ਆਲ ਟਾਈਮ ਰਿਕਾਰਡ ਨੂੰ ਤੋੜ ਦਿੱਤਾ ਹੈ। ਇਹ 2018-2020 ਦੀ ਔਸਤ ਨਾਲੋਂ ਤਿੰਨ ਗੁਣਾ ਵੱਧ ਹੈ, ਜੋ ਕਿ 2018 ਤੋਂ 254% ਦਾ ਵਾਧਾ ਹੈ ਅਤੇ ਲਗਭਗ 50,000 ਆਟੋ ਚੋਰੀ ਦੇ ਕਲੇਮਜ਼ ਨੂੰ ਦਰਸਾਉਂਦਾ ਹੈ।
ਓਂਟਾਰੀਓ ਵਿੱਚ, ਅੰਕੜਾ ਹੋਰ ਵੀ ਮਾੜਾ ਹੈ। ਉਸ ਸੂਬੇ ਵਿੱਚ ਆਟੋ ਚੋਰੀ ਦੇ ਦਾਅਵਿਆਂ ਵਿੱਚ 524% ਦਾ ਵਾਧਾ ਹੋਇਆ ਹੈ ਅਤੇ ਟੋਰਾਂਟੋ ਪੁਲਿਸ ਸਰਵਿਸ ਦੇ ਅੰਕੜੇ ਇਸ ਤਰ੍ਹਾਂ ਦੱਸਦੀ ਹੈ ਕਿ ਦਰਸਾਉਂਦੇ ਹਨ ਕਿ ਚੋਰ ਹੋਰ ਬੇਸ਼ਰਮੀ ਹੋ ਰਹੇ ਹਨ। ਇਸ ਸਾਲ ਕਾਰਜੈਕਿੰਗ ਦੋ ਗੁਣਾ ਵਧ ਹੋ ਗਈ ਹੈ ਅਤੇ ਬਰੇਕ-ਐਂਡ-ਐਂਟਰ ਇੰਨੇ ਵਧ ਹੋ ਗਏ ਹਨ ਕਿ ਇੱਕ ਟੀਪੀਐੱਸ ਅਫਸਰ ਨੇ ਸਿਫ਼ਾਰਸ਼ ਕੀਤੀ ਕਿ ਟੋਰਾਂਟੋ ਵਾਸੀ ਆਪਣੀਆਂ ਚਾਬੀਆਂ ਚੋਰਾਂ ਦੇ ਘਰਾਂ ਦੇ ਦਰਵਾਜਿਆਂ `ਤੇ ਹੀ ਰੱਖ ਦਿਆ ਕਰਨ।
ਨਾ ਸਿਰਫ ਵਾਹਨ ਦੀ ਚੋਰੀ ਹੀ ਦੁਖਦਾਈ ਹੈ, ਬਲਕਿ ਇਸ ਅਪਰਾਧ ਲੜੀ ਦੇ ਨਤੀਜੇ ਵਜੋਂ ਕੈਨੇਡੀਅਨਜ਼ ਨੂੰ ਉੱਚ ਬੀਮਾ ਪ੍ਰੀਮੀਅਮ ਅਦਾ ਕਰਨਾ ਪਵੇਗਾ। ਪਿਛਲੇ ਸਾਲ, IBC ਨੇ ਅੰਦਾਜ਼ਾ ਲਗਾਇਆ ਹੈ ਕਿ ਵਧੀ ਹੋਈ ਵਾਹਨ ਚੋਰੀਆਂ ਨਾਲ ਓਂਟਾਰੋ ਵਾਸੀਆਂ ਦੇ ਬੀਮਾ ਭੁਗਤਾਨਾਂ ਵਿੱਚ $130 ਦਾ ਵਾਧੂ ਵਾਧਾ ਹੋਇਆ ਹੈ ਅਤੇ ਇਹ ਇਸ ਸਾਲ ਹੋਰ ਵੀ ਵਧੇਗਾ
ਜਸਟਿਨ ਟਰੂਡੋ ਦੇ ਖ਼ਤਰਨਾਕ ਕੈਚ-ਐਂਡ-ਰਿਲੀਜ਼ ਬਿੱਲ ਸੀ-75 ਮੁੜ ਅਪਰਾਧੀਆਂ ਨੂੰ ਗ੍ਰਿਫਤਾਰੀ ਦੇ ਕੁਝ ਘੰਟਿਆਂ ਦੇ ਅੰਦਰ ਜ਼ਮਾਨਤ 'ਤੇ ਰਿਹਾਅ ਕਰਨ ਦੀ ਇਜਾਜ਼ਤ ਦਿੰਦਾ ਹੈ। ਇਸ ਤਰ੍ਹਾਂ ਚੋਰ ਤੁਰੰਤ ਦੁਬਾਰਾ ਅਪਰਾਧ ਕਰਦੇ ਹਨ। ਅਪਰਾਧੀਆਂ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਵੀ, ਟਰੂਡੋ ਦਾ ਸਹੀ ਸਾਵਧਾਨੀ ਦੀ ਘਾਟ ਵਾਲਾ ਬਿੱਲ ਸੀ-5 ਇਨ੍ਹਾਂ ਅਪਰਾਧੀਆਂ ਲਈ ਘਰ ਵਿੱਚ ਨਜ਼ਰਬੰਦੀ ਦੀ ਆਗਿਆ ਦਿੰਦਾ ਹੈ। ਇਸਦਾ ਮਤਲਬ ਇਹ ਹੈ ਕਿ ਉਹ ਜਲਦੀ ਬਾਹਰ ਨਿਕਲਕੇ ਤੁਰੰਤ ਸੜਕਾਂ 'ਤੇ ਆ ਸਕਦੇ ਹਨ, ਕਾਰਾਂ ਚੋਰੀ ਕਰ ਸਕਦੇ ਹਨ ਅਤੇ ਸਾਡੇ ਆਂਢ-ਗੁਆਂਢ ਨੂੰ ਡਰਾ ਸਕਦੇ ਹਨ।
ਇਸ ਦੇ ਮੱਦੇਨਜ਼ਰ ਕੰਜ਼ਰਵੇਟਿਵਾਂ ਨੇ ਹਾਊਸ ਆਫ ਕਾਮਨਜ਼ ਵਿੱਚ ਇੱਕ ਬਿੱਲ ਪੇਸ਼ ਕੀਤਾ ਹੈ ਜੋ ਤਿੰਨ ਵਾਰ ਮੋਟਰ ਵਹੀਕਲ ਚੋਰੀ ਕਰਨ ਵਾਲਿਆਂ ਲਈ ਘੱਟੋ-ਘੱਟ ਤਿੰਨ ਸਾਲ ਦੀ ਸਜ਼ਾ ਲਾਜ਼ਮੀ ਲਿਆ ਕੇ ਕੈਨੇਡਾ ਭਰ ਵਿੱਚ ਦੁਹਰਾਉਣ ਵਾਲੇ ਕਾਰ ਚੋਰਾਂ ਲਈ ਸਖ਼ਤ ਸਜ਼ਾਵਾਂ ਪੇਸ਼ ਕਰੇਗਾ। ਇਹ ਇਸ ਤੱਥ ਨੂੰ ਵੀ ਮੁੱਢਲੀ ਵਿਚਾਰ ਪ੍ਰਦਾਨ ਕਰੇਗਾ ਕਿ ਅਪਰਾਧ ਕਿਸੇ ਅਪਰਾਧਿਕ ਸੰਗਠਨ ਦੇ ਨਿਰਦੇਸ਼ 'ਤੇ, ਜਾਂ ਉਸ ਦੇ ਸਹਿਯੋਗ ਨਾਲ ਤਾਂ ਨਹੀਂ ਕੀਤਾ ਗਿਆ ਸੀ।
ਪੀਅਰੇ ਪੋਲੀਵਰ ਦੀ ਸਰਕਾਰ ਕਾਰ ਦੀ ਚੋਰੀ 'ਤੇ ਬ੍ਰੇਕ ਲਗਾਵੇਗੀ, ਤੁਹਾਡੀ ਜਾਇਦਾਦ ਦੀ ਰੱਖਿਆ ਕਰੇਗੀ ਅਤੇ ਸੁਰੱਖਿਅਤ ਸੜਕਾਂ ਪ੍ਰਦਾਨ ਕਰੇਗੀ।

# ਕੈਨੇਡਾ 'ਚ ਗਹਿਣੇ ਲੁੱਟਣ ਵਾਲਾ ਹਥੌੜਾ ਗਿਰੋਹ ਕਾਬੂ, ਭਾਰਤੀ ਮੂਲ ਦਾ ਵਿਅਕਤੀ ਵੀ ਗ੍ਰਿਫ਼ਤਾਰ

ਕੈਨੇਡਾ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ। ਇੱਥੇ ਕੈਨੇਡੀਅਨ ਪੁਲਸ ਨੇ ਦੋ ਦਿਨਾਂ ਦੇ ਅੰਦਰ ਮਿਸੀਸਾਗਾ ਦੇ ਦੋ ਮਾਲਾਂ ਵਿੱਚ ਗਹਿਣਿਆਂ ਦੀਆਂ ਦੋ ਦੁਕਾਨਾਂ ਵਿੱਚ ਲੁੱਟ-ਖੋਹਾਂ ਕਰਨ ਤੋਂ ਬਾਅਦ 20 ਸਾਲਾ ਭਾਰਤੀ ਮੂਲ ਦੇ ਵਿਅਕਤੀ ਸਮੇਤ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਲਜ਼ਾਮ ਹੈ ਕਿ ਹਥੌੜਿਆਂ ਨਾਲ ਲੈਸ ਇੱਕ ਗਿਰੋਹ ਦੇ ਛੇ ਮੈਂਬਰਾਂ ਨੇ ਮਿਸੀਸਾਗਾ ਮਾਲ ਵਿੱਚ ਡਕੈਤੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਇਹ ਲੁੱਟਾਂ 9 ਅਤੇ 10 ਮਈ ਨੂੰ ਹੋਈਆਂ ਸਨ।
9 ਮਈ ਨੂੰ ਲੁਟੇਰਿਆਂ ਨੇ ਮਿਸੀਸਾਗਾ ਦੇ ਇੱਕ ਮਾਲ ਵਿੱਚ ਕਈ ਡਿਸਪਲੇਅ ਤੋੜ ਦਿੱਤੇ ਅਤੇ ਵੱਡੀ ਮਾਤਰਾ ਵਿੱਚ ਗਹਿਣੇ ਚੋਰੀ ਕਰ ਲਏ। ਲੁਟੇਰੇ ਚੋਰੀ ਦੀ ਕਾਰ ਵਿੱਚ ਆਏ ਅਤੇ ਵਾਰਦਾਤ ਨੂੰ ਅੰਜਾਮ ਦੇ ਕੇ ਫਰਾਰ ਹੋ ਗਏ। ਲੁਟੇਰੇ ਜਿਸ ਗੱਡੀ ਵਿਚ ਸਵਾਰ ਹੋ ਕੇ ਫਰਾਰ ਹੋ ਗਏ, ਉਸ ਬਾਰੇ ਪਹਿਲਾਂ ਹੀ ਟੋਰਾਂਟੋ ਵਿਚ ਚੋਰੀ ਹੋਣ ਦੀ ਸੂਚਨਾ ਮਿਲ ਚੁੱਕੀ ਸੀ।ਅਗਲੇ ਦਿਨ 10 ਮਈ ਨੂੰ ਪੁਲਸ ਇੱਕ ਹੋਰ ਮਿਸੀਸਾਗਾ ਮਾਲ ਵਿੱਚ ਗਸ਼ਤ ਕਰ ਰਹੀ ਸੀ, ਜਦੋਂ ਪੰਜ ਸ਼ੱਕੀ ਵਿਅਕਤੀਆਂ ਨੇ ਇੱਕ ਹੋਰ ਗਹਿਣਿਆਂ ਦੀ ਦੁਕਾਨ ਨੂੰ ਨਿਸ਼ਾਨਾ ਬਣਾਇਆ। ਲੁਟੇਰੇ ਹਥੌੜਿਆਂ ਨਾਲ ਲੈਸ ਸਨ ਅਤੇ ਪਿਛਲੇ ਦਿਨ ਦੀ ਲੁੱਟ ਨੂੰ ਦੁਹਰਾਉਂਦੇ ਹੋਏ ਡਿਸਪਲੇ ਦੇ ਤਾਲੇ ਤੋੜ ਕੇ ਕੀਮਤੀ ਗਹਿਣੇ ਲੈ ਕੇ ਫਰਾਰ ਹੋ ਗਏ। ਇਸ ਮਗਰੋਂ ਪੁਲਸ ਨੇ ਮੁਲਜ਼ਮਾਂ ਦਾ ਪਿੱਛਾ ਕਰਕੇ ਭਾਰਤੀ ਮੂਲ ਦੇ 20 ਸਾਲਾ ਮੁਲਜ਼ਮ ਤੇਜਪਾਲ ਤੂਰ ਸਮੇਤ ਤਿੰਨ ਲੁਟੇਰਿਆਂ ਨੂੰ ਕਾਬੂ ਕਰ ਲਿਆ।



# ਟਰਾਂਸਪੋਰਟ ਮੰਤਰੀ ਪ੍ਰਭਮੀਤ ਸਰਕਾਰੀਆ ਵੱਲੋਂ ਨਵੇਂ ਪ੍ਰਸਤਾਵਿਤ ਕਾਨੂੰਨ ਦਾ ਐਲਾਨ



ਮੰਤਰੀ ਪ੍ਰਭਮੀਤ ਸਰਕਾਰੀਆ ਨੇ ਇੱਕ ਬਿਆਨ ਵਿੱਚ ਕਿਹਾ ਕਿ ਹਰ ਕੋਈ ਵਿਅਕਤੀ ਦਿਨ ਦੇ ਅੰਤ ਵਿੱਚ ਆਪਣੇ ਅਜ਼ੀਜ਼ਾਂ ਲਈ ਸੁਰੱਖਿਅਤ ਘਰ ਵਾਪਿਸ ਜਾਣ ਦਾ ਹੱਕਦਾਰ ਹੈ। ਓਂਟਾਰੀਓ ਵਿੱਚ ਬਹੁਤ ਸਾਰੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਗਲਤ ਢੰਗ ਗੱਡੀ ਚਲਾਉਣ ਵਾਲੇ ਡਰਾਈਵਰਾਂ ਦੀਆਂ ਲਾਪਰਵਾਹੀ ਅਤੇ ਸ਼ਰਮਨਾਕ ਕਾਰਵਾਈਆਂ ਨੇ ਉਜਾੜ ਦਿੱਤੀਆਂ ਹਨ।
ਪ੍ਰਸਤਾਵਿਤ ਕਾਨੂੰਨ ਪੁਲਿਸ ਅਥਾਰਟੀ ਨੂੰ ਨਵੇਂ ਜੁਰਮਾਨੇ ਸ਼ੁਰੂ ਕਰਨ ਦੇ ਨਾਲ, ਸੋਧਣ ਦੀ ਵੀ ਕੋਸ਼ਿਸ਼ ਕਰੇਗਾ, ਜਿਸ ਤਹਿਤ ਨਸ਼ਾ ਕਰਕੇ ਵਾਹਨ ਚਲਾਉਣ ਦਾ ਸ਼ੱਕ ਹੋਣ 'ਤੇ ਵਾਹਨਾਂ ਨੂੰ ਰੋਕਣ ਅਤੇ ਟੈਸਟ ਕਰਵਾਏ ਜਾਣਗੇ।

ਓਨਟਾਰੀਓ ਦੇ ਟਰਾਂਸਪੋਰਟ ਮੰਤਰੀ ਪ੍ਰਭਮੀਤ ਸਰਕਾਰੀਆਂ ਨੇ ਬੁੱਧਵਾਰ ਨੂੰ ਇੱਕ ਨਵੇਂ ਪ੍ਰਸਤਾਵਿਤ ਕਾਨੂੰਨ ਦਾ ਐਲਾਨ ਕੀਤਾ ਹੈ। ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ ਸੂਬੇ ਵਿੱਚ ਨਸ਼ਾ ਕਰਕੇ ਡਰਾਈਵਿੰਗ, ਲਾਪਰਵਾਹੀ ਵਾਲੀ ਡਰਾਇਵਿੰਗ ਵਾਲੇ ਅਪਰਾਧਾਂ ਲਈ ਦੋਸ਼ੀ ਠਹਿਰਾਏ ਗਏ ਲੋਕਾਂ ਲਈ ਨਵੇਂ ਜ਼ੁਰਮਾਨੇ ਲਗਾਏ ਜਾਣਗੇ। ਜੇਕਰ ਕਾਨੂੰਨ ਪਾਸ ਹੋ ਜਾਂਦਾ ਹੈ, ਤਾਂ ਕਿਸੇ ਵੀ ਵਿਅਕਤੀ ਨੂੰ ਆਪਣੇ ਵਾਹਨ ਵਿੱਚ ਇਗਨੀਸ਼ਨ ਇੰਟਰਲਾਕ ਡਿਵਾਈਸ ਲਗਾਉਣੀ ਹੋਵੇਗੀ। ਪਹਿਲੀ ਅਤੇ ਦੂਜੀ ਵਾਰ ਅਲਕੋਹਲ ਅਤੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਲਈ ਦੋਸ਼ੀ ਠਹਿਰਾਏ ਗਏ ਲੋਕਾਂ ਨੂੰ ਲਾਈਸੈਂਸ ਮੁਅੱਤਲ ਅਤੇ ਲਾਜ਼ਮੀ ਉਪਚਾਰਕ ਸਿੱਖਿਆ ਦੀ ਸ਼ੁਰੂਆਤ ਕੀਤੀ ਜਾਵੇਗੀ, ਜਦੋਂਕਿ ਅਲਕੋਹਲ ਅਤੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਡਰਾਈਵਿੰਗ ਦੇ ਦੋਸ਼ੀ ਜੋ ਦੂਜਿਆਂ ਲਈ ਮੌਤ ਦਾ ਕਾਰਨ ਬਣਦੇ ਹਨ, ਉਨ੍ਹਾਂ ਦਾ ਪ੍ਰਸਤਾਵਿਤ ਤਬਦੀਲੀਆਂ ਤਹਿਤ ਉਮਰ ਭਰ ਲਈ ਲਾਈਸੈਂਸ `ਤੇ ਪਾਬੰਦੀ ਲਾਈ ਜਾਵੇਗੀ।

# ਭਾਰਤੀ-ਗੁਜਰਾਤੀ ਮਿਲਿਨ ਪਟੇਲ ਅਮਰੀਕਾ 'ਚ ਗ੍ਰਿਫਤਾਰ, ਸਾਬਕਾ ਪ੍ਰੇਮਿਕਾ ਨੇ ਲਾਏ ਗੰਭੀਰ ਦੋਸ਼



ਲੰਬੇ ਸਮੇਂ ਤੋਂ ਆਪਣੀ ਸਾਬਕਾ ਪ੍ਰੇਮਿਕਾ ਦਾ ਪਿੱਛਾ ਕਰਨ ਵਾਲੇ ਅਤੇ ਉਸ ਨੂੰ ਧਮਕੀਆਂ ਦੇਣ ਵਾਲੇ ਇਕ ਗੁਜਰਾਤੀ ਵਿਅਕਤੀ ਨੂੰ ਟੈਕਸਾਸ ਦੀ ਪੁਲਸ ਨੇ ਆਖਰਕਾਰ ਗ੍ਰਿਫ਼ਤਾਰ ਕਰ ਲਿਆ। ਅਮਰੀਕੀ ਮੀਡੀਆ ਰਿਪੋਰਟਾਂ ਮੁਤਾਬਕ ਮਿਲਿਨ ਪਟੇਲ (32) ਨੂੰ ਟੈਕਸਾਸ ਦੀ ਕੇਟੀ ਪੁਲਸ ਵਿਭਾਗ ਨੇ ਗ੍ਰਿਫ਼ਤਾਰ ਕੀਤਾ। ਮਿਲਿਨ ਪਟੇਲ ਇਸ ਸਮੇਂ 40,000 ਹਜ਼ਾਰ ਡਾਲਰ ਦੇ ਬਾਂਡ ਨਾਲ ਜੇਲ੍ਹ ਵਿੱਚ ਹੈ। ਮਿਲਿਨ ਪਟੇਲ 'ਤੇ ਉਸ ਦਾ ਪਿੱਛਾ ਕਰਨ ਅਤੇ ਧਮਕੀਆਂ ਦੇਣ ਦਾ ਦੋਸ਼ ਲਗਾਉਣ ਵਾਲੀ ਉਸ ਦੀ ਸਾਬਕਾ ਪ੍ਰੇਮਿਕਾ ਨੇ ਪੁਲਸ ਨੂੰ ਦੱਸਿਆ ਕਿ ਦੋਸ਼ੀ ਪਿਛਲੇ ਦੋ ਸਾਲਾਂ ਤੋਂ ਉਸ ਨੂੰ ਤੰਗ-ਪ੍ਰੇਸ਼ਾਨ ਕਰ ਰਿਹਾ ਸੀ। ਸ਼ਿਕਾਇਤਕਰਤਾ ਦੇ ਦਾਅਵੇ ਅਨੁਸਾਰ ਮਿਲਿਨ ਪਟੇਲ ਉਸ ਨੂੰ ਧਮਕੀ ਭਰੇ ਸੰਦੇਸ਼ ਭੇਜਦਾ ਸੀ ਅਤੇ ਉਸ ਨੂੰ ਭਾਵਨਾਤਮਕ ਤੌਰ 'ਤੇ ਬਲੈਕਮੇਲ ਕਰਦਾ ਸੀ ਅਤੇ ਉਸ ਦੀ ਕਾਰ ਦਾ ਪਿੱਛਾ ਵੀ ਕਰਦਾ ਸੀ। ਔਰਤ ਨੇ ਪੁਲਸ ਨੂੰ ਇਹ ਵੀ ਦੱਸਿਆ ਕਿ ਉਹ ਮਿਲਿਨ ਪਟੇਲ ਨਾਲ 14 ਮਹੀਨਿਆਂ ਤੋਂ ਰਿਲੇਸ਼ਨਸ਼ਿਪ ਵਿੱਚ ਸੀ ਪਰ ਮਾਰਚ 2022 ਵਿੱਚ ਉਨ੍ਹਾਂ ਦਾ ਸਬੰਧ ਟੁੱਟ ਗਿਆ। ਪੁਲਸ ਵੱਲੋਂ ਮਿਲਨ ਪਟੇਲ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿੱਚ ਪੇਸ਼ ਕੀਤੇ ਦਸਤਾਵੇਜ਼ਾਂ ਅਨੁਸਾਰ ਮੁਲਜ਼ਮ ਮਿਲਿਨ ਪਟੇਲ ਸ਼ਿਕਾਇਤਕਰਤਾ ਸਾਬਕਾ ਪ੍ਰੇਮਿਕਾ ਦੇ ਕੰਮ ਵਾਲੀ ਥਾਂ 'ਤੇ ਆ ਕੇ ਉਸ ਨੂੰ ਤੰਗ ਪ੍ਰੇਸ਼ਾਨ ਕਰਦਾ ਸੀ। ਪੁਲਸ ਮੁਤਾਬਕ ਮਿਲਿਨ ਪਟੇਲ ਨੇ 7 ਮਾਰਚ ਨੂੰ ਆਪਣੀ ਸਾਬਕਾ ਪ੍ਰੇਮਿਕਾ ਨੂੰ ਜਾਨੋਂ ਮਾਰਨ ਦੀ ਧਮਕੀ ਦਿੰਦੇ ਹੋਏ ਕਿਹਾ ਸੀ ਕਿ ਮੈਂ ਤੈਨੂੰ ਮਾਰ ਕੇ ਖੁਦ ਵੀ ਮਰ ਜਾਵਾਂਗਾ ਪਰ ਮੈਂ ਤੈਨੂੰ ਆਪਣੇ ਬਿਨਾਂ ਇੱਥੇ ਨਹੀਂ ਰਹਿਣ ਦਿਆਂਗਾ। ਇਸ ਘਟਨਾ ਤੋਂ ਦੋ ਦਿਨ ਬਾਅਦ ਮਿਲਿਨ ਪਟੇਲ ਫਿਰ ਸ਼ਿਕਾਇਤਕਰਤਾ ਮਹਿਲਾ ਦੇ ਕੰਮ ਵਾਲੀ ਥਾਂ 'ਤੇ ਗਿਆ ਅਤੇ ਉਸ ਨੂੰ ਧਮਕੀ ਦਿੱਤੀ ਕਿ ਮੈਂ ਤੇਰਾ ਚਿਹਰਾ ਖਰਾਬ ਕਰ ਦਿਆਂਗਾ। 11 ਮਾਰਚ ਨੂੰ ਮਿਲਿਨ ਪਟੇਲ ਨੇ ਘਰ ਦੇ ਸਾਰੇ ਰਸਤੇ ਆਪਣੀ ਸਾਬਕਾ ਪ੍ਰੇਮਿਕਾ ਦਾ ਪਿੱਛਾ ਕੀਤਾ। ਵਾਰ-ਵਾਰ ਸ਼ਿਕਾਇਤਕਰਤਾ ਦੀ ਕਾਰ ਨੂੰ ਓਵਰਟੇਕ ਕੀਤਾ ਅਤੇ ਉਸ ਨੂੰ ਤੰਗ ਕਰਨ ਲਈ ਅਚਾਨਕ ਬ੍ਰੇਕ ਮਾਰੀ, ਜਿਸ ਦੀ ਡੈਸ਼ਕੈਮ ਫੁਟੇਜ ਵੀ ਪੁਲਸ ਨੇ ਹਾਸਲ ਕਰ ਲਈ ਹੈ। ਕੇਟੀ ਪੁਲਸ ਨੇ ਮਿਲਿਨ ਪਟੇਲ ਨੂੰ ਵੀ 16 ਅਪ੍ਰੈਲ 2023 ਨੂੰ ਆਪਣੀ ਸਾਬਕਾ ਪ੍ਰੇਮਿਕਾ ਦੇ ਘਰ ਗੈਰ-ਕਾਨੂੰਨੀ ਤੌਰ 'ਤੇ ਦਾਖਲ ਹੋਣ ਲਈ ਗ੍ਰਿਫਤਾਰ ਕੀਤਾ ਸੀ। ਉਸ ਸਮੇਂ ਉਸ ਵਿਰੁੱਧ ਦਰਜ ਕਰਵਾਈ ਗਈ ਸ਼ਿਕਾਇਤ ਵਿੱਚ ਕਿਹਾ ਗਿਆ ਕਿ ਮਿਲਨ ਨੇ 14 ਜੂਨ 2022 ਨੂੰ ਸ਼ਿਕਾਇਤਕਰਤਾ ਦੀ ਕੁੱਟਮਾਰ ਵੀ ਕੀਤੀ ਸੀ। ਇਸ ਤੋਂ ਪਹਿਲਾਂ ਮਿਲਿਨ ਨੂੰ 11 ਮਾਰਚ 2022 ਨੂੰ ਸ਼ਿਕਾਇਤਕਰਤਾ ਦੀ ਧੀ ਨੂੰ ਹਥਿਆਰ ਦਿਖਾਉਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।

# ਅਮਰੀਕਾ 'ਚ ਭਾਰਤੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਪਰ ਰਾਜਨੀਤਿਕ ਭਾਗੀਦਾਰੀ 'ਚ ਨਹੀਂ



ਕਮਲਾ ਹੈਰਿਸ ਨੇ ਅਮਰੀਕਾ ਵਿੱਚ ਭਾਰਤੀ ਮੂਲ ਦੀ ਇੱਕ ਸਿਆਸਤਦਾਨ ਵਜੋਂ ਤਰੱਕੀ ਕੀਤੀ ਹੈ ਅਤੇ ਮੌਜੂਦਾ ਸਮੇਂ ਉਹ ਦੇਸ਼ ਦੀ ਉਪ-ਰਾਸ਼ਟਰਪਤੀ ਹੈ। ਭਾਰਤ ਵਿਚ ਲੋਕ ਸਭਾ ਚੋਣਾਂ ਹੋ ਰਹੀਆਂ ਹਨ ਅਤੇ ਇਸੇ ਤਰ੍ਹਾਂ ਅਮਰੀਕਾ 'ਚ ਵੀ ਰਾਸ਼ਟਰਪਤੀ ਚੋਣਾਂ ਹੋ ਰਹੀਆਂ ਹਨ। ਕੁਝ ਮਹੀਨਿਆਂ 'ਚ ਵੋਟਿੰਗ ਹੋਣ ਵਾਲੀ ਹੈ। ਉਸ ਵਿੱਚ ਬਹੁਤ ਸਾਰੇ ਸਿਆਸਤਦਾਨਾਂ ਦੀ ਨਜ਼ਰ ਭਾਰਤੀ ਅਮਰੀਕੀ ਭਾਈਚਾਰੇ 'ਤੇ ਹੈ। ਅਮਰੀਕਾ ਵਿੱਚ ਭਾਰਤੀਆਂ ਦੀ ਸਿਆਸੀ ਹਿੱਸੇਦਾਰੀ ਜ਼ਿਆਦਾ ਨਹੀਂ ਹੈ। ਇਸ ਲਈ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਰਹਿਣ ਵਾਲੇ ਭਾਰਤੀਆਂ ਨੂੰ ਹੁਣ ਰਾਜਨੀਤੀ ਵਿੱਚ ਵਧੇਰੇ ਸਰਗਰਮ ਹੋ ਕੇ ਵੱਡੇ ਅਹੁਦਿਆਂ ਲਈ ਚੋਣ ਲੜਨੀ ਚਾਹੀਦੀ ਹੈ। ਭਾਰਤੀ-ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਵੀ ਕਿਹਾ ਕਿ ਭਾਰਤੀਆਂ ਨੂੰ ਅਮਰੀਕੀ ਰਾਜਨੀਤੀ ਵਿੱਚ ਵਧੇਰੇ ਸਰਗਰਮ ਹੋਣਾ ਚਾਹੀਦਾ ਹੈ। ਉਪ -ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ ਕਿ ਅਮਰੀਕਾ ਵਿੱਚ ਚੁਣੇ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਬਹੁਤ ਘੱਟ ਹੈ। ਅਮਰੀਕਾ ਵਿਚ ਭਾਰਤੀਆਂ ਦੀ ਗਿਣਤੀ ਵਿੱਚ ਭਾਵੇਂ ਤੇਜ਼ੀ ਦੇ ਨਾਲ ਵਾਧਾ ਹੋਇਆ ਹੈ। ਪ੍ਰੰਤੂ ਉਨ੍ਹਾਂ ਦੀ ਰਾਜਨੀਤਿਕ ਭਾਗੀਦਾਰੀ ਵਿੱਚ ਤੇਜ਼ੀ ਨਾਲ ਵਾਧਾ ਨਹੀਂ ਹੋਇਆ ਹੈ। ਕਮਲਾ ਹੈਰਿਸ ਨੇ ਇੰਡੀਅਨ ਅਮਰੀਕਨ ਇਮਪੈਕਟ ਦੇ ਸਾਲਾਨਾ ਸੰਮੇਲਨ 'ਚ ਸੰਬੋਧਨ ਕਰਦਿਆਂ ਕਿਹਾ ਕਿ ਇੰਡੀਅਨ-ਅਮਰੀਕਨ ਇਮਪੈਕਟ ਇਹ ਲੋਕ ਡੈਮੋਕ੍ਰੇਟਿਕ ਪਾਰਟੀ ਦੇ ਥਿੰਕ ਟੈਂਕ ਲਈ ਮੰਨੇ ਜਾਂਦੇ ਹਨ ਅਤੇ ਭਾਰਤੀ ਅਮਰੀਕੀਆਂ ਨੂੰ ਚੋਣਾਂ ਲੜਨ ਲਈ ਫੰਡ ਮੁਹੱਈਆ ਕਰਵਾਉਂਦੇ ਹਨ। ਕਮਲਾ ਹੈਰਿਸ ਦਾ ਭਾਸ਼ਣ ਸੁਣਨ ਲਈ ਇੱਥੇ ਸੈਂਕੜੇ ਭਾਰਤੀ ਅਮਰੀਕੀ ਵਾਸ਼ਿੰਗਟਨ ਡੀਸੀ ਵਿੱਚ ਮੌਜੂਦ ਸਨ। ਕਮਲਾ ਹੈਰਿਸ ਨੇ ਕਿਹਾ ਕਿ ਚੋਣ ਪ੍ਰਕਿਰਿਆ ਵਿੱਚ ਭਾਰਤੀ-ਅਮਰੀਕੀ ਭਾਗੀਦਾਰੀ ਪਿਛਲੇ ਸਾਲਾਂ ਵਿੱਚ ਵਧੀ ਹੈ ਪਰ ਭਾਗੀਦਾਰੀ ਅਜੇ ਵੀ ਨਹੀਂ ਦਿਖਾਈ ਦੇ ਰਹੀ ਹੈ ਕਿਉਂਕਿ ਸਾਡੀ ਆਬਾਦੀ ਲਗਾਤਾਰ ਵਧ ਰਹੀ ਹੈ। ਵਰਤਮਾਨ ਵਿੱਚ ਅਮਰੀਕੀ ਕਾਂਗਰਸ ਵਿੱਚ ਸਿਰਫ਼ ਸਾਡੇ ਪੰਜ ਚੁਣੇ ਗਏ ਭਾਰਤੀ ਅਮਰੀਕੀ ਹਨ। ਇਨ੍ਹਾਂ ਵਿੱਚ ਡਾ: ਅਮੀ ਬੇਰਾ, ਰਾਜਾ ਕ੍ਰਿਸ਼ਨਮੂਰਤੀ, ਰੋ ਖੰਨਾ, ਪ੍ਰਮਿਲਾ ਜੈਪਾਲ ਅਤੇ ਮਿਸਟਰ ਥਾਣੇਦਾਰ ਸ਼ਾਮਲ ਹਨ। ਸਾਲ 2020 ਵਿੱਚ ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ ਅਮਰੀਕੀ ਕਾਂਗਰਸ ਲਈ ਚੁਣੇ ਗਏ ਭਾਰਤੀ-ਅਮਰੀਕੀਆਂ ਦੀ ਗਿਣਤੀ ਵੱਧ ਕੇ 10 ਹੋ ਜਾਵੇਗੀ। ਪ੍ਰੰਤੂ ਇਸ ਤਰਾਂ ਨਹੀ ਹੋਇਆ, ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕਿਹਾ, "ਹਮੇਸ਼ਾ ਜਾਣੋ ਕਿ ਤੁਸੀਂ ਇਕੱਲੇ ਨਹੀਂ ਹੋ।" ਸਾਡੇ ਕੋਲ ਇੱਕ ਦੇਸ਼ ਦੇ ਰੂਪ ਵਿੱਚ ਬਹੁਤ ਕੁਝ ਹੈ ਅਤੇ ਅਸੀਂ ਸਾਰੇ ਹੋਰ ਵੀ ਬਹੁਤ ਕੁਝ ਕਰ ਸਕਦੇ ਹਾਂ। ਅਮਰੀਕਾ ਲੋਕਾਂ ਨਾਲ ਵਾਅਦਾ ਕਰਦਾ ਹੈ ਅਤੇ ਮੈਂ ਇਸ ਦਾ ਸਬੂਤ ਹਾਂ।

# ਅਮਰੀਕੀ ਸੈਨਿਕਾਂ ਨੇ ਗਾਜ਼ਾ ਨੂੰ ਸਹਾਇਤਾ ਪਹੁੰਚਾਉਣ ਲਈ ਬਣਾਈ 'ਫਲੋਟਿੰਗ ਫੈਰੀ'

ਅਮਰੀਕੀ ਫੌਜ ਨੇ ਵੀਰਵਾਰ ਨੂੰ ਗਾਜ਼ਾ ਪੱਟੀ ਵਿੱਚ ਇੱਕ ਫਲੋਟਿੰਗ ਡੌਕ ਤਿਆਰ ਕੀਤਾ ਹੈ, ਜਿਸ ਨਾਲ ਜੰਗ ਪ੍ਰਭਾਵਿਤ ਖੇਤਰ ਵਿੱਚ ਬਹੁਤ ਲੋੜੀਂਦੀ ਮਾਨਵਤਾਵਾਦੀ ਸਹਾਇਤਾ ਪਹੁੰਚਾਉਣ ਦਾ ਰਾਹ ਪੱਧਰਾ ਹੋ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਹ ਇਲਾਕਾ ਪਿਛਲੇ ਸੱਤ ਮਹੀਨਿਆਂ ਤੋਂ ਇਜ਼ਰਾਈਲ ਅਤੇ ਹਮਾਸ ਵਿਚਾਲੇ ਚੱਲ ਰਹੀ ਲੜਾਈ ਤੋਂ ਪੀੜਤ ਹੈ। ਫਲਸਤੀਨ ਦੇ ਲੋਕਾਂ ਵੱਲੋਂ ਭੋਜਨ ਅਤੇ ਹੋਰ ਵਸਤੂਆਂ ਦੀ ਸਪਲਾਈ ਦੀ ਗੰਭੀਰ ਸਮੱਸਿਆ ਦਾ ਸਾਹਮਣਾ ਕਰਨ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਉੱਥੇ ਭੁੱਖਮਰੀ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਮਦਦ ਕਰਨ ਦੇ ਨਿਰਦੇਸ਼ ਦਿੱਤੇ ਸਨ।



ਇਸ ਨਿਰਦੇਸ਼ ਦੇ ਦੋ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਅਮਰੀਕੀ ਫੌਜ ਨੇ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਇਹ ਡੌਕ ਬਣਾਇਆ ਹੈ। ਇਜ਼ਰਾਈਲ ਨੇ ਹਾਲ ਹੀ ਵਿੱਚ ਮਿਸਰ ਦੀ ਸੀਮਾ 'ਤੇ ਸਥਿਤ ਰਫਾਹ ਬਾਰਡਰ ਕ੍ਰਾਸਿੰਗ ਦੀ ਘੇਰਾਬੰਦੀ ਕਰ ਦਿੱਤੀ ਹੈ, ਜਿਸ ਨਾਲ ਸੰਕਟਗ੍ਰਸਤ ਲੋਕਾਂ ਤੱਕ ਪਹੁੰਚ ਬੰਦ ਹੈ। ਸਾਜ਼ੋ ਸਾਮਾਨ, ਮੌਸਮ ਅਤੇ ਸੁਰੱਖਿਆ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਗਾਜ਼ਾ ਖੇਤਰ ਵਿਚ ਸਮੁੰਦਰੀ ਰਸਤੇ ਮਦਦ ਪਹੁੰਚਾਉਣ ਲਈ ਇਹ ਫਲੋਟਿੰਗ ਡੌਕ ਤਿਆਰ ਕੀਤਾ ਗਿਆ ਹੈ। ਸਹਾਇਤਾ ਕਿਸ਼ਤੀਆਂ ਨੂੰ ਗਾਜ਼ਾ ਸ਼ਹਿਰ ਦੇ ਦੱਖਣ-ਪੱਛਮ ਵਿੱਚ ਇਜ਼ਰਾਈਲੀਆਂ ਦੁਆਰਾ ਬਣਾਈ ਗਈ ਇੱਕ ਬੰਦਰਗਾਹ ਸਹੂਲਤ ਵਿੱਚ ਸਟੋਰ ਕੀਤਾ ਜਾਵੇਗਾ ਅਤੇ ਫਿਰ ਸਹਾਇਤਾ ਸਮੂਹਾਂ ਦੁਆਰਾ ਵੰਡਿਆ ਜਾਵੇਗਾ।

# ਐਸ਼ਵਰਿਆ ਨੇ ਟੁੱਟੇ ਹੱਥ ਨਾਲ ਕਾਨਸ ਦੀ ਰੈੱਡ ਕਾਰਪੈੱਟ ਤੇ ਕੀਤੀ ਗ੍ਰੈਂਡ ਐਂਟਰੀ, ਤਿੱਤਲੀ ਬਣ ਕੇ ਲੁੱਟੀ ਮਹਿਫ਼ਿਲ

ਐਸ਼ਵਰਿਆ ਰਾਏ ਬੱਚਨ ਕਾਂਸ 2024 ਅਟੇਂਡ ਕਰਨ ਫਰਾਂਸ ਪੁੱਜੀ। ਐਸ਼ਵਰਿਆ ਪਹਿਲੀ ਵਾਰ ਰੈੱਡ ਕਾਰਪੇਟ 'ਤੇ ਬਲੈਕ ਗਾਊਨ 'ਚ ਦਿਖੀ। ਹੱਥ 'ਤੇ ਸੱਟ ਲੱਗਣ ਦੇ ਬਾਵਜੂਦ ਉਨ੍ਹਾਂ ਨੇ ਖੂਬਸੂਰਤ ਵਾਕ ਕੀਤਾ। ਗਾਊਨ ਕੈਰੀ ਕਰਨ ਲਈ ਉਨ੍ਹਾਂ ਦੀ ਬੇਟੀ ਦੇ ਇਲਾਵਾ 4 ਲੋਕਾਂ ਦੀ ਟੀਮ ਲੱਗੀ। ਐਸ਼ਵਰਿਆ ਦੇ ਆਊਟਫਿੱਟ ਦੀ ਗੱਲ ਕਰੀਏ ਤਾਂ ਉਨ੍ਹਾਂ ਨੇ ਬਲੈਕ ਅਤੇ ਗੋਲਡਨ ਆਫ ਸ਼ੋਲਡਰ ਗਾਊਨ ਪਾਇਆ ਹੋਇਆ ਸੀ, ਜਿਸ ਨਾਲ ਗੋਲਡਨ ਰੰਗ ਦਾ ਸ਼ਿੰਗਾਰ ਕੀਤਾ ਸੀ। ਐਸ਼ਵਰਿਆ ਨੇ ਆਪਣਾ ਮੇਕਅੱਪ ਘੱਟ ਰੱਖਿਆ ਅਤੇ ਵੱਡੇ ਗੋਲਡਨ ਰੰਗ ਦੇ ਹੂਪਸ ਨਾਲ ਆਪਣੀ ਲੁੱਕ ਨੂੰ ਪੂਰਾ ਕੀਤਾ ਹੋਇਆ ਸੀ।ਉਨ੍ਹਾਂ ਨੇ ਇੱਕ ਚਿੱਟੇ ਸ਼ਰੱਗ ਦੇ ਨਾਲ ਇੱਕ ਕਾਲਾ ਮੋਨੋਕ੍ਰੋਮੈਟਿਕ ਡਰੈੱਸ ਪੇਅਰ ਕੀਤਾ ਹੋਇਆ ਸੀ। ਇਸ ਡਰੈੱਸ ਨੂੰ ਫਾਲਗੁਨੀ ਅਤੇ ਸ਼ੇਨ ਦੀ ਡਿਜ਼ਾਈਨਰ ਜੋੜੀ ਨੇ ਡਿਜ਼ਾਈਨ ਕੀਤਾ ਹੈ।ਐਸ਼ਵਰਿਆ ਅਤੇ ਉਨ੍ਹਾਂ ਦੀ ਬੇਟੀ ਅਰਾਧਿਆ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ, ਜਿਸ 'ਚ ਅਰਾਧਿਆ ਉਨ੍ਹਾਂ ਦਾ ਸਾਥ ਦਿੰਦੀ ਨਜ਼ਰ ਆ ਰਹੀ ਹੈ।ਆਪਣੀ ਮਾਂ ਨੂੰ ਇਸ ਤਰ੍ਹਾਂ ਸਪੋਰਟ ਕਰਦੇ ਦੇਖ ਯੂਜ਼ਰਸ ਉਨ੍ਹਾਂ ਦੀ ਤਾਰੀਫ ਕਰ ਰਹੇ ਹਨ।ਇੱਕ ਆਮ ਸਟਾਈਲਿਸ਼ ਕਾਲਾ ਟਰੈਕਸੂਟ ਪਹਿਨੇ, ਅਰਾਧਿਆ ਹਰ ਸਮੇਂ ਆਪਣੀ ਮਾਂ ਦੇ ਨਾਲ ਰਹੀ ਅਤੇ ਹੋਟਲ ਤੋਂ ਲੈ ਕੇ ਕਾਰ ਤੱਕ ਉਨ੍ਹਾਂ ਦਾ ਹੱਥ ਥਾਮੇ ਨਜ਼ਰ ਆਈ।



# ਦਿਲਜੀਤ ਦੋਸਾਂਝ ਨੂੰ USA 'ਚ ਮਿਲੀ ਕਈ ਸਾਲ ਪਹਿਲਾਂ ਵਿਛੜੀ ਭੈਣ, ਪੈਰਾਂ 'ਚ ਬੈਠ ਲਿਆ ਆਸ਼ੀਰਵਾਦ

ਗਲੋਬਲ ਸਟਾਰ ਦਿਲਜੀਤ ਦੋਸਾਂਝ ਇੰਨੀਂ ਦਿਨੀਂ ਆਪਣੇ ਇਲੂਮਿਨਾਟੀ ਸ਼ੋਅ ਨੂੰ ਲੈ ਕੇ ਅੰਤਰ ਰਾਸ਼ਟਰੀ ਪੱਧਰ ਬੱਲੇ-ਬੱਲੇ ਕਰਵਾ ਰਹੇ ਹਨ। ਹਾਲ ਹੀ 'ਚ ਦਿਲਜੀਤ ਦੋਸਾਂਝ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜੋ ਕਾਫ਼ੀ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਦਿਲਜੀਤ ਨੂੰ ਕਰੀਬੀ ਭੈਣ ਨੂੰ ਮਿਲ ਕੇ ਕਿੰਨਾ ਚੰਗਾ ਲੱਗਾ ਹੈ। ਗਲੋਬਲ ਸਟਾਰ ਦਿਲਜੀਤ ਦੋਸਾਂਝ ਇੰਨੀਂ ਦਿਨੀਂ ਆਪਣੇ ਇਲੂਮਿਨਾਟੀ ਸ਼ੋਅ ਨੂੰ ਲੈ ਕੇ ਅੰਤਰ ਰਾਸ਼ਟਰੀ ਪੱਧਰ ਬੱਲੇ-ਬੱਲੇ ਕਰਵਾ ਰਹੇ ਹਨ। ਹਾਲ ਹੀ 'ਚ ਦਿਲਜੀਤ ਦੋਸਾਂਝ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜੋ ਕਾਫ਼ੀ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਦਿਲਜੀਤ ਨੂੰ ਕਰੀਬੀ ਭੈਣ ਨੂੰ ਮਿਲ ਕੇ ਕਿੰਨਾ ਚੰਗਾ ਲੱਗਾ ਹੈ।ਸਾਡੇ ਗੁਆਂਢ 'ਚ ਘਰ ਸੀ, ਮੈਂ ਦੱਸਦੀ ਸੀ ਕਿ ਮੈਂ ਰੋਟੀ ਨਹੀਂ ਸੀ ਖਾਂਦਾ ਹੁੰਦਾ, ਫ਼ਿਰ ਭੈਣ ਹੁਣਾ ਨੇ ਮੈਨੂੰ ਗੁੜ ਨਾਲ ਰੋਟੀ ਖਾਣ ਲਾਇਆ ਪਰ ਇਕ ਦਿਨ ਅਚਾਨਕ ਸਾਰਾ ਪਰਿਵਾਰ USA ਮੂਵ ਹੋ ਗਿਆ, ਮੈਂ ਬਹੁਤ ਕਿਹਾ ਮੈਨੂੰ ਨਾਲ ਲੈ ਜਾਓ, ਕਹਿੰਦੇ ਹਾਂ ਬੈਗ 'ਚ ਪਾ ਕੇ ਲੈ ਜਾਵਾਂਗੇ।



ਗਲੋਬਲ ਸਟਾਰ ਦਿਲਜੀਤ ਦੋਸਾਂਝ ਇੰਨੀਂ ਦਿਨੀਂ ਆਪਣੇ ਇਲੂਮਿਨਾਟੀ ਸ਼ੋਅ ਨੂੰ ਲੈ ਕੇ ਅੰਤਰ ਰਾਸ਼ਟਰੀ ਪੱਧਰ ਬੱਲੇ-ਬੱਲੇ ਕਰਵਾ ਰਹੇ ਹਨ। ਹਾਲ ਹੀ 'ਚ ਦਿਲਜੀਤ ਦੋਸਾਂਝ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜੋ ਕਾਫ਼ੀ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਦਿਲਜੀਤ ਨੂੰ ਕਰੀਬੀ ਭੈਣ ਨੂੰ ਮਿਲ ਕੇ ਕਿੰਨਾ ਚੰਗਾ ਲੱਗਾ ਹੈ।ਗਲੋਬਲ ਸਟਾਰ ਦਿਲਜੀਤ ਦੋਸਾਂਝ ਇੰਨੀਂ ਦਿਨੀਂ ਆਪਣੇ ਇਲੂਮਿਨਾਟੀ ਸ਼ੋਅ ਨੂੰ ਲੈ ਕੇ ਅੰਤਰ ਰਾਸ਼ਟਰੀ ਪੱਧਰ ਬੱਲੇ-ਬੱਲੇ ਕਰਵਾ ਰਹੇ ਹਨ। ਹਾਲ ਹੀ 'ਚ ਦਿਲਜੀਤ ਦੋਸਾਂਝ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜੋ ਕਾਫ਼ੀ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਦਿਲਜੀਤ ਨੂੰ ਕਰੀਬੀ ਭੈਣ ਨੂੰ ਮਿਲ ਕੇ ਕਿੰਨਾ ਚੰਗਾ ਲੱਗਾ ਹੈ।ਸਾਡੇ ਗੁਆਂਢ 'ਚ ਘਰ ਸੀ, ਮੈਂ ਦੱਸਦੀ ਸੀ ਕਿ ਮੈਂ ਰੋਟੀ ਨਹੀਂ ਸੀ ਖਾਂਦਾ ਹੁੰਦਾ, ਫ਼ਿਰ ਭੈਣ ਹੁਣਾ ਨੇ ਮੈਨੂੰ ਗੁੜ ਨਾਲ ਰੋਟੀ ਖਾਣ ਲਾਇਆ ਪਰ ਇਕ ਦਿਨ ਅਚਾਨਕ ਸਾਰਾ ਪਰਿਵਾਰ USA ਮੂਵ ਹੋ ਗਿਆ, ਮੈਂ ਬਹੁਤ ਕਿਹਾ ਮੈਨੂੰ ਨਾਲ ਲੈ ਜਾਓ, ਕਹਿੰਦੇ ਹਾਂ ਬੈਗ 'ਚ ਪਾ ਕੇ ਲੈ ਜਾਵਾਂਗੇ। ਇਹ ਸ਼ਾਇਦ 1st ਲੈਸਨ ਸੀ ਰਿਸ਼ਤਿਆਂ ਤੋਂ ਦੂਰ ਹੋਣ ਦਾ।'' ਦਿਲਜੀਤ ਦੋਸਾਂਝ ਨੇ ਅੱਗੇ ਲਿਖਿਆ- ਕੱਲ Chicago ਦੇ ਸ਼ੋਅ 'ਤੇ ਆਏ ਸੀ।ਦਿਲਜੀਤ ਦੋਸਾਂਝ ਦੀ ਗੱਲ ਕਰਿਏ ਤਾਂ ਹਾਲ ਹੀ 'ਚ ਉਨ੍ਹਾਂ ਦਾ ਵੈਨਕੁਵਰ ਬੀਸੀ ਪਲੇਸ 'ਚ ਸ਼ੋਅ ਚਰਚਾ ਦਾ ਵਿਸ਼ਾ ਬਣਿਆ ਰਿਹਾ। ਇਸ ਸ਼ੋਅ ਰਾਹੀਂ ਕਲਾਕਾਰ ਨੇ ਖੂਬ ਸੁਰਖੀਆਂ ਬਟੋਰੀਆਂ।

# ਗਾਇਕ ਗੁਰਦਾਸ ਮਾਨ ਪਤਨੀ ਮਨਜੀਤ ਨਾਲ ਪਹੁੰਚੇ ਮੀਕਾ ਸਿੰਘ ਦੇ ਘਰ, ਖਾਣੇ ਦਾ ਉਠਾਇਆ ਲੁਤਫ

ਬਾਲੀਵੁੱਡ ਤੇ ਪੰਜਾਬੀ ਗਾਇਕ ਮੀਕਾ ਸਿੰਘ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਸਾਂਝੀ ਕੀਤੀ ਹੈ, ਜਿਸ 'ਚ ਉਹ ਪੰਜਾਬੀ ਇੰਡਸਟਰੀ ਦੇ ਮਸ਼ਹੂਰ ਗਾਇਕ ਗੁਰਦਾਸ ਮਾਨ ਨਾਲ ਖਾਣੇ ਦਾ ਅਨੰਦ ਮਾਣਦੇ ਹੋਏ ਨਜ਼ਰ ਆ ਰਹੇ ਹਨ। ਇਸ ਵੀਡੀਓ ਨੂੰ ਸਾਂਝਾ ਕਰਦਿਆਂ ਮੀਕਾ ਸਿੰਘ ਨੇ ਗੁਰਦਾਸ ਮਾਨ ਲਈ ਆਪਣੇ ਦਿਲ ਦੇ ਜਜ਼ਬਾਤ ਸਾਂਝੇ ਕਰਦਿਆਂ ਲਿਖਿਆ ਹੈ, ''ਮੈਂ ਲੀਵਿੰਗ ਲੀਜੈਂਡ ਗੁਰਦਾਸ ਮਾਨ ਜੀ ਤੋਂ ਬਹੁਤ ਕੁਝ ਸਿੱਖਿਆ ਹੈ ਅਤੇ ਉਹ ਚਾਲੀ ਸਾਲਾਂ ਤੋਂ ਸਾਡਾ ਮਨੋਰੰਜਨ ਕਰਦੇ ਆ ਰਹੇ ਹਨ। ਭਾਜੀ ਤੁਹਾਡੇ ਕੀਮਤੀ ਸਮੇਂ ਲਈ ਬਹੁਤ-ਬਹੁਤ ਧੰਨਵਾਦ। ਪੰਜਾਬੀ ਸ਼ੇਰਾਂ ਦੀ ਚਾਲ ਵਾਂਗ ਤੁਰਦੇ ਰਹੋ ਤੇ ਰੌਕ ਕਰਦੇ ਰਹੋ।'' ਗੁਰਦਾਸ ਮਾਨ ਦੇ ਇਸ ਵੀਡੀਓ ਨੂੰ ਸੋਸ਼ਲ ਮੀਡੀਆ 'ਤੇ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ।ਦੱਸ ਦਈਏ ਕਿ ਗੁਰਦਾਸ ਮਾਨ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਆ ਰਹੇ ਹਨ। ਉਨ੍ਹਾਂ ਦੀ ਗਾਇਕੀ ਦਾ ਹਰ ਕੋਈ ਕਾਇਲ ਹੈ ਕਿਉਂਕਿ ਉਨ੍ਹਾਂ ਦਾ ਹਰ ਗੀਤ ਸਮਾਜ ਨੂੰ ਸੇਧ ਦੇਣ ਵਾਲਾ ਹੁੰਦਾ ਹੈ।ਭਾਵੇਂ ਉਹ ਹੱਕ ਹਲਾਲ ਦੀ ਰੋਟੀ ਕਮਾਉਣ ਦੀ ਗੱਲ ਕਰਦਾ ਗੀਤ 'ਰੋਟੀ ਹੱਕ ਖਾਈਏ ਜੀ ਭਾਵੇਂ ਬੂਟ ਪਾਲਸ਼ਾਂ ਕਰੀਏ', ਭਾਵੇਂ ਆਪਣੇ ਦੇਸ਼ ਨਾਲ ਪਿਆਰ ਦੀ ਗੱਲ ਕਰਦਾ ਗੀਤ 'ਲੱਖ ਪ੍ਰਦੇਸੀ ਹੋਈਏ ਆਪਣਾ ਮੁਲਕ ਨੀ ਭੰਡੀਦਾ' ਹੋਵੇ ਹਰ ਗੀਤ 'ਚ ਉਨ੍ਹਾਂ ਨੇ ਸਰੋਤਿਆਂ ਨੂੰ ਕੋਈ ਨਾ ਕੋਈ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਗੁਰਦਾਸ ਮਾਨ ਜਿੱਥੇ ਚੋਟੀ ਦੇ ਗਾਇਕ ਹਨ, ਉੱਥੇ ਹੀ ਉਨ੍ਹਾਂ ਨੇ ਆਪਣੀ ਅਦਾਕਾਰੀ ਦੇ ਨਾਲ ਵੀ ਹਮੇਸ਼ਾ ਹੀ ਦਰਸ਼ਕਾਂ ਦਾ ਦਿਲ ਜਿੱਤਿਆ ਹੈ। ਦੱਸਣਯੋਗ ਹੈ ਕਿ ਗੁਰਦਾਸ ਮਾਨ ਦਾ ਜਨਮ 4 ਜਨਵਰੀ 1957 ਨੂੰ ਪੰਜਾਬ ਦੇ ਮੁਕਤਸਾਰ ਜ਼ਿਲ੍ਹੇ 'ਚ ਸਥਿਤ ਪਿੰਡ ਗਿੱਦੜਬਾਹਾ 'ਚ ਹੋਇਆ। ਗੁਰਦਾਸ ਮਾਨ ਪੰਜਾਬੀ ਗਾਇਕ, ਗੀਤਕਾਰ, ਕੋਰੀਓਗਰਾਫਰ ਅਤੇ ਉੱਘੇ ਅਦਾਕਾਰ ਹਨ। ਸਾਲ 1980 'ਚ ਗਾਏ ਗੀਤ 'ਦਿਲ ਦਾ ਮਾਮਲਾ ਹੈ' ਨਾਲ ਰਾਸ਼ਟਰੀ ਪਛਾਣ ਹਾਸਲ ਕਰਨ ਵਾਲੇ ਗੁਰਦਾਸ ਮਾਨ ਨੇ ਹੁਣ ਤੱਕ ਕਰੀਬ 34 ਕੈਸਟਾਂ ਰਿਲੀਜ ਕੀਤੀਆਂ ਹਨ ਅਤੇ ਕਈ ਹਿੰਦੀ ਫ਼ਿਲਮਾਂ 'ਚ ਵੀ ਗੀਤ ਗਾ ਚੁੱਕੇ ਹਨ।





ਸਤੰਬਰ 2010 'ਚ ਬ੍ਰਿਟੇਨ ਦੇ ਵੋਲਵਰਹੈਂਪਟਨ ਯੂਨੀਵਰਸਿਟੀ ਨੇ ਗੁਰਦਾਸ ਮਾਨ ਨੂੰ ਵਿਸ਼ਵ ਸੰਗੀਤ 'ਚ ਡਾਕਟਰ ਦੀ ਉਪਾਧੀ ਨਾਲ ਸਨਮਾਨਿਤ ਕੀਤਾ ਸੀ। ਉਨ੍ਹਾਂ ਨਾਲ ਪਾਲ, ਬਿਲ ਕਸਬੀ ਤੇ ਬੌਬ ਡਾਲਟਨ ਨੂੰ ਵੀ ਇਸ ਸਨਮਾਨ ਨਾਲ ਨਿਵਾਜਿਆ ਗਿਆ। ਇਸ ਤੋਂ ਇਲਾਵਾ 14 ਦਸੰਬਰ 2012 'ਚ ਯੂਨੀਵਰਸਿਟੀ ਪਟਿਆਲਾ ਦੇ 36ਵੇਂ ਕਨਵੋਕੇਸ਼ਨ ਸਮਾਰੋਹ 'ਚ ਰਾਜਪਾਲ ਨੇ 'ਡਾਕਟਰ ਆਫ ਲਿਟਰੇਚਰ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

# ਮੁੰਬਈ ਦਾ ਸਾਹਮਣਾ ਅੱਜ ਲਖਨਊ ਨਾਲ, ਦੇਖੋ ਸੰਭਾਵਿਤ ਪਲੇਇੰਗ 11

ਮੁੰਬਈ ਇੰਡੀਅਨਜ਼ ਅਤੇ ਲਖਨਊ ਸੁਪਰ ਜਾਇੰਟਸ ਵਿਚਾਲੇ ਆਈਪੀਐੱਲ 2024 ਦਾ 67ਵਾਂ ਮੈਚ ਸ਼ਾਮ 7.30 ਵਜੇ ਤੋਂ ਵਾਨਖੇੜੇ ਸਟੇਡੀਅਮ, ਮੁੰਬਈ 'ਚ ਖੇਡਿਆ ਜਾਵੇਗਾ। ਦੋਵੇਂ ਟੀਮਾਂ ਆਈਪੀਐੱਲ ਪਲੇਆਫ ਦੀ ਦੌੜ ਤੋਂ ਬਾਹਰ ਹੋ ਗਈਆਂ ਹਨ ਅਤੇ ਇਸ ਮੈਚ ਵਿੱਚ ਜਿੱਤ ਦੇ ਨਾਲ ਟੂਰਨਾਮੈਂਟ ਤੋਂ ਬਾਹਰ ਹੋਣ ਦੀ ਕੋਸ਼ਿਸ਼ ਕਰਨਗੀਆਂ। ਮੁੰਬਈ ਇੰਡੀਅਨਜ਼ ਕਾਫੀ ਸਮਾਂ ਪਹਿਲਾਂ ਪਲੇਆਫ ਦੀ ਦੌੜ ਤੋਂ ਬਾਹਰ ਹੋ ਚੁੱਕੀ ਹੈ, ਜਦਕਿ ਲਖਨਊ ਨੇ ਲਗਾਤਾਰ ਤਿੰਨ ਮੈਚਾਂ 'ਚ ਅੰਕ ਗੁਆਏ ਅਤੇ ਰਨ ਰੇਟ ਵੀ ਖਰਾਬ ਕੀਤੀ, ਜਿਸ ਕਾਰਨ ਉਹ ਪਲੇਆਫ ਦੀ ਦੌੜ ਤੋਂ ਬਾਹਰ ਹੋ ਗਈ ਸੀ।



ਹੈੱਡ ਟੂ ਹੈੱਡ

ਕੁੱਲ ਮੈਚ - 5

ਮੁੰਬਈ- ਇਕ ਜਿੱਤ

ਲਖਨਊ- 4 ਜਿੱਤਾਂ

ਪਿੱਚ ਰਿਪੋਰਟ

ਆਈਕਾਨਿਕ ਵਾਨਖੇੜੇ ਸਟੇਡੀਅਮ ਗੇਂਦਬਾਜ਼ਾਂ ਲਈ ਵਧੇਰੇ ਅਨੁਕੂਲ ਹੈ ਪਰ ਬੱਲੇਬਾਜ਼ਾਂ ਲਈ ਦੌੜਾਂ ਬਣਾਉਣ ਦੇ ਮੌਕੇ ਵੀ ਪ੍ਰਦਾਨ ਕਰਦਾ ਹੈ। ਇਸ ਮੈਦਾਨ 'ਤੇ ਖੇਡੇ ਗਏ 115 ਮੈਚਾਂ 'ਚੋਂ 62 ਮੈਚ ਦੂਜੇ ਨੰਬਰ 'ਤੇ ਰਹਿਣ ਵਾਲੀਆਂ ਟੀਮਾਂ ਨੇ ਜਿੱਤੇ ਹਨ। ਇਸ ਮੈਦਾਨ 'ਤੇ ਪਿਛਲੇ 10 ਮੈਚਾਂ 'ਚ ਅਜਿਹਾ ਹੀ ਰੁਝਾਨ ਦੇਖਣ ਨੂੰ ਮਿਲਿਆ ਹੈ, ਜਿਸ 'ਚ 7 ਮੈਚ ਦੂਜੇ ਨੰਬਰ 'ਤੇ ਬੱਲੇਬਾਜ਼ੀ ਕਰਨ ਵਾਲੀਆਂ ਟੀਮਾਂ ਨੇ ਜਿੱਤੇ ਹਨ।

ਮੌਸਮ

ਮੌਸਮ ਦੀ ਭਵਿੱਖਬਾਣੀ ਮੁਤਾਬਕ 17 ਮਈ ਦੀ ਸ਼ਾਮ ਨੂੰ ਮੀਂਹ ਪੈਣ ਦੀ ਕੋਈ ਸੰਭਾਵਨਾ ਨਹੀਂ ਹੈ। ਹਾਲਾਂਕਿ, ਸ਼ਾਮ ਨੂੰ ਨਮੀ ਲਗਭਗ 77 ਪ੍ਰਤੀਸ਼ਤ ਰਹਿਣ ਦੀ ਉਮੀਦ ਹੈ, ਜਿਸਦਾ ਮਤਲਬ ਹੈ ਕਿ ਤ੍ਰੇਲ ਖੇਡ ਦੇ ਦੂਜੇ ਅੱਧ ਵਿੱਚ ਮਹੱਤਵਪੂਰਣ ਭੂਮਿਕਾ ਨਿਭਾ ਸਕਦੀ ਹੈ।

# ਬੈਂਗਲੁਰੂ ਅਤੇ ਚੇਨਈ ਲਈ ਆਖਰੀ ਮੌਕਾ, ਜੇਤੂ ਟੀਮ ਪਹੁੰਚੇਗੀ ਪਲੇਆਫ 'ਚ



ਸਨਰਾਈਜ਼ਰਸ ਹੈਦਰਾਬਾਦ ਅਤੇ ਗੁਜਰਾਤ ਟਾਈਟਨਸ ਵਿਚਾਲੇ ਖੇਡਿਆ ਗਿਆ ਮੈਚ ਭਾਵੇਂ ਹੀ ਮੀਂਹ ਕਾਰਨ ਧੋਤਾ ਗਿਆ ਹੋਵੇ ਪਰ ਸਨਰਾਈਜ਼ਰਸ ਆਈਪੀਐੱਲ ਪਲੇਆਫ 'ਚ ਤੀਜੀ ਟੀਮ ਦੇ ਰੂਪ 'ਚ ਆਪਣੀ ਜਗ੍ਹਾ ਪੱਕੀ ਕਰਨ 'ਚ ਕਾਮਯਾਬ ਰਹੀ। ਹੁਣ ਪਲੇਆਫ ਵਿੱਚ ਸਿਰਫ਼ ਇੱਕ ਹੀ ਸਥਾਨ ਬਚਿਆ ਹੈ ਅਤੇ ਸਿਰਫ਼ ਦੋ ਟੀਮਾਂ ਰਾਇਲ ਚੈਲੇਂਜਰਜ਼ ਬੈਂਗਲੁਰੂ ਅਤੇ ਚੇਨਈ ਸੁਪਰ ਕਿੰਗਜ਼ ਇਸ ਦੀਆਂ ਦਾਅਵੇਦਾਰ ਹਨ। ਇਨ੍ਹਾਂ ਦੋਵਾਂ ਟੀਮਾਂ ਵਿਚਾਲੇ ਸ਼ਨੀਵਾਰ ਨੂੰ ਮੈਚ ਖੇਡਿਆ ਜਾਵੇਗਾ ਅਤੇ ਜਿੱਤ-ਹਾਰ ਤੈਅ ਕਰੇਗੀ ਕਿ ਕਿਹੜੀ ਟੀਮ ਚੌਥੀ ਟੀਮ ਵਜੋਂ ਪਲੇਆਫ 'ਚ ਪ੍ਰਵੇਸ਼ ਕਰੇਗੀ।

ਇੱਕ ਵਾਰ ਪਲੇਆਫ ਤੋਂ ਬਾਹਰ ਹੋ ਚੁੱਕੇ ਆਰਸੀਬੀ ਨੇ ਲਗਾਤਾਰ ਪੰਜ ਮੈਚ ਜਿੱਤ ਕੇ ਆਪਣੀ ਪਲੇਆਫ ਦੀਆਂ ਉਮੀਦਾਂ ਨੂੰ ਬਰਕਰਾਰ ਰੱਖਿਆ। ਹੁਣ ਆਰਸੀਬੀ ਐੱਮ ਚਿੰਨਾਸਵਾਮੀ ਸਟੇਡੀਅਮ 'ਚ ਆਪਣੇ ਆਖਰੀ ਲੀਗ ਮੈਚ 'ਚ ਸੀਐੱਸਕੇ ਦੀ ਮੇਜ਼ਬਾਨੀ ਕਰੇਗਾ ਅਤੇ ਸਭ ਦੀਆਂ ਨਜ਼ਰਾਂ ਇਸ ਵੱਡੇ ਮੈਚ 'ਤੇ ਹਨ। ਸਿਖਰਲੇ ਚਾਰ ਵਿੱਚ ਜਗ੍ਹਾ ਬਣਾਉਣ ਲਈ ਵਿਰਾਟ ਕੋਹਲੀ ਬਨਾਮ ਐੱਮਐੱਸ ਧੋਨੀ ਦੇ ਵਿਚ ਕਰੀਬੀ ਮੁਕਾਬਲਾ ਹੋਣ ਦੀ ਉਮੀਦ ਹੈ। ਜੇਕਰ ਆਰਸੀਬੀ ਜਿੱਤਦਾ ਹੈ, ਤਾਂ ਉਹ ਸਿਰਫ ਚੌਥਾ ਸਥਾਨ ਹਾਸਲ ਕਰ ਸਕਦਾ ਹੈ ਜਦੋਂ ਕਿ ਜੇਕਰ ਸੀਐੱਸਕੇ ਜਿੱਤਦਾ ਹੈ, ਤਾਂ ਉਹ ਅੰਕ ਸੂਚੀ ਵਿੱਚ ਦੂਜੇ ਸਥਾਨ 'ਤੇ ਰਹਿ ਸਕਦਾ ਹੈ।

ਬਾਕੀ ਲੀਗ ਮੈਚ:

19 ਮਈ: ਸਨਰਾਈਜ਼ਰਜ਼ ਹੈਦਰਾਬਾਦ ਬਨਾਮ ਪੰਜਾਬ ਕਿੰਗਜ਼

19 ਮਈ: ਰਾਜਸਥਾਨ ਰਾਇਲਜ਼ ਬਨਾਮ ਕੋਲਕਾਤਾ ਨਾਈਟ ਰਾਈਡਰਜ਼

| Team | | M | W | L | NRR | Pts | Last 5 |
|---|---|---|---|---|---|---|---|
| 1 | KKR | 13 | 9 | 3 | +1.428 | 19 | – ✓ ✓ ✓ ✓ |
| 2 | RR | 13 | 8 | 5 | +0.273 | 16 | ✗ ✗ ✗ ✗ ✓ |
| 3 | SRH | 13 | 7 | 5 | +0.406 | 15 | – ✓ ✗ ✓ ✗ |
| 4 | CSK | 13 | 7 | 6 | +0.528 | 14 | ✓ ✗ ✓ ✗ ✓ |
| 5 | DC | 14 | 7 | 7 | -0.377 | 14 | ✓ ✗ ✓ ✗ ✓ |
| 6 | RCB | 13 | 6 | 7 | +0.387 | 12 | ✓ ✓ ✓ ✓ ✓ |
| 7 | LSG | 13 | 6 | 7 | -0.787 | 12 | ✗ ✗ ✗ ✓ ✗ |
| 8 | GT | 14 | 5 | 7 | -1.063 | 12 | – – ✓ ✗ ✗ |
| 9 | PBKS | 13 | 5 | 8 | -0.347 | 10 | ✓ ✗ ✗ ✓ ✓ |

ਕੇਕੇਆਰ ਦਾ ਅੰਕ ਸੂਚੀ ਵਿੱਚ ਸਿਖਰ 'ਤੇ ਬਣੇ ਰਹਿਣਾ ਯਕੀਨੀ ਹੈ


KKR IPL ਦੇ ਇਤਿਹਾਸ ਵਿੱਚ ਪਹਿਲੀ ਵਾਰ ਅੰਕ ਸੂਚੀ ਵਿੱਚ ਸਿਖਰ 'ਤੇ ਹੈ। ਕੇਕੇਆਰ ਕੋਲ 20 ਤੋਂ ਵੱਧ ਅੰਕਾਂ ਵਾਲੀ ਇਕਲੌਤੀ ਟੀਮ ਵਜੋਂ ਲੀਗ ਨੂੰ ਖਤਮ ਕਰਨ ਦਾ ਮੌਕਾ ਹੈ। ਰਾਜਸਥਾਨ, ਜੋ ਲਗਾਤਾਰ ਚਾਰ ਮੈਚ ਹਾਰ ਚੁੱਕਾ ਹੈ, ਅਜੇ ਵੀ ਦੂਜੇ ਸਥਾਨ 'ਤੇ ਰਹਿਣ ਅਤੇ ਕੇਕੇਆਰ ਵਿਰੁੱਧ ਕੁਆਲੀਫਾਇਰ 1 ਖੇਡਣ ਲਈ ਚੰਗੀ ਸਥਿਤੀ ਵਿੱਚ ਹੈ। ਰਾਜਸਥਾਨ ਨੂੰ ਦੂਜੇ ਸਥਾਨ 'ਤੇ ਰਹਿਣ ਲਈ ਆਪਣੇ ਆਖ਼ਰੀ ਲੀਗ ਮੈਚ ਵਿੱਚ ਕੇਕੇਆਰ ਨੂੰ ਹਰਾਉਣਾ ਹੋਵੇਗਾ। ਜੇਕਰ ਰਾਜਸਥਾਨ ਐਤਵਾਰ ਨੂੰ ਕੇਕੇਆਰ ਤੋਂ ਹਾਰਦਾ ਹੈ, ਤਾਂ ਉਸ ਨੂੰ ਚੋਟੀ ਦੇ 2 ਵਿੱਚ ਬਣੇ ਰਹਿਣ ਲਈ ਸਨਰਾਈਜ਼ਰਜ਼ ਅਤੇ ਚੇਨਈ ਤੋਂ ਆਪਣੇ ਫਾਈਨਲ ਮੈਚ ਹਾਰਨ ਦੀ ਉਮੀਦ ਕਰਨੀ ਪਵੇਗੀ।



# ਆਈ.ਪੀ.ਐੱਲ . ਦਾ ਰੋਮਾਂਚ ਆਪਣੇ ਸਿਖ਼ਰ 'ਤੇ ਹੈ ਤੇ

ਆਈ.ਪੀ.ਐੱਲ. ਦਾ ਰੋਮਾਂਚ ਆਪਣੇ ਸਿਖ਼ਰ 'ਤੇ ਹੈ ਤੇ ਇਸ ਦੀ ਲੀਗ ਸਟੇਜ ਆਪਣੇ ਆਖ਼ਰੀ ਪੜਾਅ 'ਚ ਹੈ। ਇਸ ਦੌਰਾਨ ਹੁਣ ਤੱਕ ਸਾਰੀਆਂ ਟੀਮਾਂ ਨੇ ਭਰਪੂਰ ਜ਼ੋਰ ਲਗਾਇਆ ਹੈ ਤਾਂ ਜੋ ਉਹ ਆਪਣੇ ਪ੍ਰਦਰਸ਼ਨ ਨਾਲ ਪੁਆਇੰਟ ਟੇਬਲ 'ਚ ਉੱਪਰ ਆ ਸਕਣ ਤੇ ਪਲੇਆਫ਼ ਲਈ ਕੁਆਲੀਫਾਈ ਕਰ ਸਕਣ। ਪਰ ਇਸ ਸਟੇਜ ਦੌਰਾਨ ਕਈ ਟੀਮਾਂ ਸ਼ਾਨਦਾਰ ਪ੍ਰਦਰਸ਼ਨ ਨਾਲ ਅਜਿਹਾ ਕਰਨ 'ਚ ਸਫ਼ਲ ਹੋ ਗਈਆਂ, ਜਦਕਿ ਕਈਆਂ ਨੂੰ ਆਪਣਾ ਸਫ਼ਰ ਨਿਰਾਸ਼ਾਜਨਕ ਤਰੀਕੇ ਨਾਲ ਖ਼ਤਮ ਕਰਨਾ ਪਿਆ। ਹੁਣ ਜਦੋਂ ਲੀਗ ਸਟੇਜ ਦੇ ਕੁਝ ਕੁ ਮੁਕਾਬਲੇ ਹੀ ਬਚੇ ਹਨ, ਤਾਂ ਪਲੇਆਫ਼ ਦਾ ਰਾਹ ਕਾਫ਼ੀ ਸਾਫ਼ ਦਿਖਾਈ ਦੇ ਰਿਹਾ ਹੈ। ਟੂਰਨਾਮੈਂਟ ਦੀਆਂ ਸਭ ਤੋਂ ਸਫ਼ਲ ਟੀਮਾਂ 'ਚੋਂ ਇਕ ਮੁੰਬਈ ਇੰਡੀਅਨਜ਼ ਨੂੰ ਸ਼ਾਇਦ ਨਵੇਂ ਕਪਤਾਨ ਹਾਰਦਿਕ ਪੰਡਯਾ ਦੀ ਕਪਤਾਨੀ ਰਾਸ ਨਹੀਂ ਆਈ ਤੇ ਟੀਮ ਪਲੇਆਫ਼ ਦੀ ਰੇਸ 'ਚੋਂ ਬਾਹਰ ਹੋਣ ਵਾਲੀ ਸਭ ਤੋਂ ਪਹਿਲੀਆਂ ਟੀਮਾਂ 'ਚੋਂ ਇਕ ਸੀ। ਇਸ ਤੋਂ ਇਲਾਵਾ ਪੰਜਾਬ ਕਿੰਗਜ਼, ਦਿੱਲੀ ਕੈਪੀਟਲਸ, ਲਖਨਊ ਸੁਪਰਜਾਇੰਟਸ ਤੇ ਗੁਜਰਾਤ ਟਾਈਟਨਸ ਵੀ ਪਲੇਆਫ਼ ਦੀ ਦੌੜ 'ਚੋਂ ਬਾਹਰ ਹੋ ਚੁੱਕੀਆਂ ਹਨ।

# ਪੁਤਿਨ ਨਾਲ ਮੁਲਾਕਾਤ ਤੋਂ ਬਾਅਦ ਬੋਲੇ ਜਿਨਪਿੰਗ- ਯੂਰਪ ’ਚ ਜਲਦੀ ਪਰਤੇਗੀ ਸ਼ਾਂਤੀ ਅਤੇ ਸਥਿਰਤਾ



ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਵੀਰਵਾਰ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਸਿਖਰ ਸੰਮੇਲਨ ਵਿਚ ਅ਼ਾਸ ਪ੍ਰਗਟਾਈ ਕਿ ਯੂਰਪ ਵਿਚ ਜਲਦੀ ਹੀ ਸ਼ਾਂਤੀ ਅਤੇ ਸਥਿਰਤਾ ਵਾਪਸ ਪਰਤੇਗੀ ਅਤੇ ਚੀਨ ਉਸਾਰੂ ਭੂਮਿਕਾ ਨਿਭਾਏਗਾ। ਪੁਤਿਨ ਦੀ ਬੀਜਿੰਗ ਯਾਤਰਾ ਅਜਿਹੇ ਸਮੇਂ ’ਚ ਹੋ ਰਹੀ ਹੈ ਜਦੋਂ ਮਾਸਕੋ ਯੂਕਰੇਨ ’ਚ ਨਵੇਂ ਹਮਲੇ ਦੀ ਤਿਆਰੀ ਕਰ ਰਿਹਾ ਹੈ। ਚੀਨ ਨੇ 2023 ਵਿਚ ਯੂਕ੍ਰੇਨ ’ਚ ਸ਼ਾਂਤੀ ਦੇ ਲਈ ਤਜਵੀਜ਼ ਜਾਰੀ ਕੀਤੀ ਸੀ।ਆਪਣੇ ਪੰਜਵੇਂ ਕਾਰਜਕਾਲ ਲਈ ਸਹੁੰ ਚੁੱਕਣ ਤੋਂ ਬਾਅਦ ਪੁਤਿਨ ਆਪਣੀ ਪਹਿਲੀ ਵਿਦੇਸ਼ ਯਾਤਰਾ ’ਤੇ ਚੀਨ ਦੇ ਦੋ ਦਿਨਾਂ ਸਰਕਾਰੀ ਦੌਰੇ ’ਤੇ ਹਨ। ਚੀਨੀ ਰਾਸ਼ਟਰਪਤੀ ਨੇ ਇੱਥੇ ਆਪਣੇ ਪੁਰਾਣੇ ਮਿੱਤਰ ਰੂਸੀ ਰਾਸ਼ਟਰਪਤੀ ਦਾ ਰਵਾਇਤੀ ਢੰਗ ਨਾਲ ਸ਼ਾਨਦਾਰ ਸਵਾਗਤ ਕੀਤਾ। 'ਗ੍ਰੇਟ ਹਾਲ ਆਫ਼ ਦਾ ਪੀਪਲ’ ’ਚ ਇਕ ਮਹੱਤਵਪੂਰਨ ਨਿਜੀ ਮੀਟਿੰਗ ਵਿਚ ਦੋਵਾਂ ਨੇਤਾਵਾਂ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਨਾਟੋ ਦੇ ਰੁਖ਼ ਨੂੰ ਤਬਾਹਕੁੰਨ ਕਰਾਰ ਦੇਣ ਦੇ ਨਾਲ ਹੀ ਉੱਤਰ-ਪੂਰਬੀ ਏਸ਼ੀਆ ਵਿਚ ਸ਼ਕਤੀ ਸੰਤੁਲਨ ਨੂੰ ਬਦਲ ਕੇ ਅਮਰੀਕਾ ਦਾ ਗਲਬਾ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਦੀ ਵੀ ਨਿਖੇਧੀ ਕੀਤੀ। ਦੋਹਾਂ ਨੇਤਾਵਾਂ ਨੇ ਦੁਵੱਲੇ, ਖੇਤਰੀ ਅਤੇ ਮਹੱਤਵਪੂਰਨ ਗਲੋਬਲ ਮੁੱਦਿਆਂ ’ਤੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ।

ਗੱਲਬਾਤ ਤੋਂ ਬਾਅਦ ਦੋਵਾਂ ਦੇਸ਼ਾਂ ਦਾ ਇਕ ਸਾਂਝਾ ਬਿਆਨ ਜਾਰੀ ਕੀਤਾ ਗਿਆ ਜਿਸ ’ਚ ਵਿਸ਼ਵ ਦੀ ਸਿਅ਼ਾਸਤ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਅਹਿਮ ਐਲਾਨ ਕੀਤੇ ਗਏ। ਰੂਸ ਅਤੇ ਚੀਨ ਦੇ ਨੇਤਾਵਾਂ ਨੇ ਵੱਖ-ਵੱਖ ਦੇਸ਼ਾਂ ਨੂੰ ਟਕਰਾਅ ਵਾਲੀਆਂ ਨੀਤੀਆਂ ਅਪਣਾਉਣ ਅਤੇ ਦੂਜਿਆਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲਅੰਦਾਜ਼ੀ ਬੰਦ ਕਰਨ ਦਾ ਸੱਦਾ ਦਿੱਤਾ। ਬਿਆਨ ਮੁਤਾਬਕ ਚੀਨ ਨੇ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਰੂਸ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕੀਤਾ ਅਤੇ ਉਸ ਦੇ ਅੰਦਰੂਨੀ ਮਾਮਲਿਆਂ 'ਚ ਦਖਲਅੰਦਾਜ਼ੀ ਦਾ ਵਿਰੋਧ ਕੀਤਾ। ਬਿਆਨ ਵਿਚ ਕਿਹਾ ਗਿਆ ਹੈ ਕਿ ਕਿਸੇ ਵੀ ਦੇਸ਼ ਨੂੰ ਦੂਜਿਆਂ ਦੀ ਸੁਰੱਖਿਆ ਦੀ ਕੀਮਤ ’ਤੇ ਆਪਣੀ ਸੁਰੱਖਿਆ ਯਕੀਨੀ ਨਹੀਂ ਬਣਾਉਣੀ ਚਾਹੀਦੀ।



# ਉੱਤਰੀ ਕੋਰੀਆ ਨੇ ਸਮੁੰਦਰ ਵੱਲ ਦਾਗੀ ਮਿਜ਼ਾਈਲ

ਦੱਖਣੀ ਕੋਰੀਆ ਨੂੰ ਉੱਤਰੀ ਕੋਰੀਆ ਦੁਆਰਾ ਆਪਣੇ ਪੂਰਬੀ ਤੱਟ ਨੇੜੇ ਬੈਲਿਸਟਿਕ ਮਿਜ਼ਾਈਲਾਂ ਦਾਗੇ ਜਾਣ ਸਬੰਧੀ ਜਾਣਕਾਰੀ ਮਿਲੀ ਹੈ। ਦੱਖਣੀ ਕੋਰੀਆ ਦੀ ਨਿਊਜ਼ ਏਜੰਸੀ 'ਯੋਨਹਾਪ' ਨੇ ਇਹ ਜਾਣਕਾਰੀ ਦਿੱਤੀ। ਯੋਨਹਾਪ ਨੇ ਕਿਹਾ ਕਿ ਲਾਂਚ ਸ਼ੁੱਕਰਵਾਰ ਨੂੰ ਹੋਇਆ ਪਰ ਇਹ ਨਹੀਂ ਦੱਸਿਆ ਕਿ ਮਿਜ਼ਾਈਲ ਕਿੰਨੀ ਦੂਰ ਤੱਕ ਗਈ। ਉਨ੍ਹਾਂ ਨੇ ਲਾਂਚ ਬਾਰੇ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ। ਹਾਲ ਹੀ ਦੇ ਮਹੀਨਿਆਂ ਵਿੱਚ ਉੱਤਰੀ ਕੋਰੀਆ ਦੇ ਲਾਂਚਾਂ ਵਿੱਚ ਤੇਜ਼ੀ ਆਈ ਹੈ। ਜੇਕਰ ਇਸ ਤਾਜ਼ਾ ਕਥਿਤ ਲਾਂਚ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਇਹ ਇਸ ਲੜੀ ਦਾ ਇੱਕ ਹੋਰ ਟੈਸਟ ਹੋਵੇਗਾ।


# UK 'ਚ ਵੀਜ਼ਾ ਗੜਬੜੀ ਦਾ ਪਰਦਾਫਾਸ਼, 4 ਹਜ਼ਾਰ ਤੋਂ ਵਧੇਰੇ ਭਾਰਤੀ ਨਰਸਾਂ 'ਤੇ ਲਟਕੀ ਤਲਵਾਰ

ਬ੍ਰਿਟੇਨ ਵਿਚ ਕੰਮ ਕਰ ਰਹੀਆਂ ਹਜ਼ਾਰਾਂ ਭਾਰਤੀ ਨਰਸਾਂ 'ਤੇ ਦੇਸ਼ ਨਿਕਾਲੇ ਦਾ ਖ਼ਤਰਾ ਮੰਡਰਾ ਰਿਹਾ ਹੈ। ਇਸ ਦਾ ਕਾਰਨ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਸਰਕਾਰ ਦੀ ਲਾਪਰਵਾਹੀ ਹੈ। ਇਹ ਸਮੱਸਿਆ ਫਰਜ਼ੀ ਕੰਪਨੀਆਂ ਕਾਰਨ ਪੈਦਾ ਹੋਈ ਹੈ, ਜਿਨ੍ਹਾਂ ਨੂੰ ਸੁਨਕ ਸਰਕਾਰ ਨੇ ਬਿਨਾਂ ਜਾਂਚ ਪੜਤਾਲ ਤੋਂ ਹੀ ਵਿਦੇਸ਼ਾਂ ਤੋਂ ਨਰਸਾਂ ਦੀ ਭਰਤੀ ਕਰਨ ਦੀ ਇਜਾਜ਼ਤ ਦਿੱਤੀ ਸੀ।

ਦਰਅਸਲ ਜਦੋਂ ਪ੍ਰਸ਼ਾਸਨ ਨੇ ਹਾਲ ਹੀ ਵਿੱਚ ਇਨ੍ਹਾਂ ਕੰਪਨੀਆਂ ਦੀ ਜਾਂਚ ਕੀਤੀ ਜੋ ਕਿ ਮੋਟੀਆਂ ਰਕਮਾਂ ਵਸੂਲ ਕੇ ਆਪਣੇ ਕਰਮਚਾਰੀਆਂ ਦੇ ਵੀਜ਼ੇ ਸਪਾਂਸਰ ਕਰਦੀਆਂ ਹਨ ਤਾਂ ਇਨ੍ਹਾਂ ਵਿੱਚੋਂ ਜ਼ਿਆਦਾਤਰ ਕੰਪਨੀਆਂ ਫਰਜ਼ੀ ਪਾਈਆਂ ਗਈਆਂ। ਜਿਸ ਤੋਂ ਬਾਅਦ ਸਰਕਾਰ ਇਨ੍ਹਾਂ ਕੰਪਨੀਆਂ ਵੱਲੋਂ ਲਿਆਂਦੀਆਂ ਗਈਆਂ ਭਾਰਤੀ ਨਰਸਾਂ ਖ਼ਿਲਾਫ਼ ਕਾਰਵਾਈ ਕਰ ਰਹੀ ਹੈ। ਇਸ ਫ਼ੈਸਲੇ ਨਾਲ 7000 ਤੋਂ ਵੱਧ ਨਰਸਾਂ ਪ੍ਰਭਾਵਿਤ ਹੋਣਗੀਆਂ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਭਾਰਤ ਤੋਂ 4,100 ਹਨ। ਜਿਨ੍ਹਾਂ ਨਰਸਾਂ 'ਤੇ ਕਾਰਵਾਈ ਕੀਤੀ ਗਈ ਹੈ, ਉਨ੍ਹਾਂ ਵਿੱਚੋਂ 94 ਫੀਸਦੀ ਮਾਮਲੇ ਸਰਕਾਰ ਵੱਲੋਂ ਕੰਪਨੀਆਂ ਦੀ ਰਜਿਸਟ੍ਰੇਸ਼ਨ ਰੱਦ ਕਰਨ ਕਾਰਨ ਸਾਹਮਣੇ ਆਏ ਹਨ।ਮਹਾਰਾਸ਼ਟਰ ਦੀ ਰਹਿਣ ਵਾਲੀ ਜ਼ੈਨਬ (22) ਦੋ ਬੱਚਿਆਂ ਦੀ ਮਾਂ ਹੈ। ਉਸ ਨੇ ਅਤੇ ਉਸ ਦੇ ਭਰਾ ਇਸਮਾਈਲ (25) ਨੇ ਵੀਜ਼ਾ ਸਪਾਂਸਰਸ਼ਿਪ ਲਈ ਬ੍ਰਿਟਿਸ਼ ਕੰਪਨੀ ਨੂੰ 18 ਲੱਖ ਰੁਪਏ ਦਿੱਤੇ ਸਨ। ਜਦੋਂ ਉਹ ਉਥੇ ਪਹੁੰਚੇ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਫਰਮ ਫਰਜ਼ੀ ਹੈ ਅਤੇ ਪਹਿਲਾਂ ਵੀ ਘਪਲੇ ਕਰ ਚੁੱਕੀ ਹੈ। ਅਪ੍ਰੈਲ ਵਿੱਚ ਭੈਣ-ਭਰਾਵਾਂ ਨੂੰ ਸਰਕਾਰੀ ਅਧਿਕਾਰੀਆਂ ਦੁਆਰਾ ਦੱਸਿਆ ਗਿਆ ਸੀ ਕਿ ਜਿਸ ਕੰਪਨੀ ਨੇ ਉਨ੍ਹਾਂ ਦੇ ਵੀਜ਼ੇ ਸਪਾਂਸਰ ਕੀਤੇ ਸਨ, ਉਨ੍ਹਾਂ ਦਾ ਭਰਤੀ ਲਾਇਸੈਂਸ ਖੋਹ ਲਿਆ ਗਿਆ ਸੀ। ਜਿਸ ਤੋਂ ਬਾਅਦ ਅਧਿਕਾਰੀਆਂ ਨੇ ਉਸਨੂੰ 60 ਦਿਨਾਂ ਵਿੱਚ ਸਪਾਂਸਰ ਜਾਂ ਕੋਈ ਹੋਰ ਕੰਪਨੀ ਲੱਭਣ ਲਈ ਕਿਹਾ ਹੈ ਨਹੀਂ ਤਾਂ ਉਨ੍ਹਾਂ ਨੂੰ ਬ੍ਰਿਟੇਨ ਛੱਡਣਾ ਪਵੇਗਾ।



ਇਸ ਤੋਂ ਬਾਅਦ ਉਸ ਨੇ 300 ਤੋਂ ਵੱਧ ਕੰਪਨੀਆਂ ਨੂੰ ਸਪਾਂਸਰ ਕਰਨ ਲਈ ਅਪਲਾਈ ਕੀਤਾ ਹੈ। ਪਰ ਉਨ੍ਹਾਂ ਨੂੰ ਕੋਈ ਵੀ ਫਰਮ ਨਹੀਂ ਮਿਲੀ ਜੋ ਉਸਨੂੰ ਕਿਰਾਏ 'ਤੇ ਦੇਣ ਜਾਂ ਸਪਾਂਸਰ ਕਰਨ ਲਈ ਤਿਆਰ ਹੋਵੇ। ਉਨ੍ਹਾਂ ਤੋਂ ਇਲਾਵਾ ਇਕ 32 ਸਾਲਾ ਔਰਤ, ਜਿਸ ਨੇ ਬ੍ਰਿਟੇਨ ਜਾਣ ਲਈ ਅਧਿਆਪਕ ਦੀ ਨੌਕਰੀ ਛੱਡ ਦਿੱਤੀ ਅਤੇ ਉਸ ਦੇ ਪਤੀ ਨੇ ਆਪਣੀ ਜ਼ਮੀਨ ਅਤੇ ਕਾਰ ਡੀਲਰਸ਼ਿਪ ਦਾ ਕਾਰੋਬਾਰ ਵੇਚ ਦਿੱਤਾ। ਉਹ ਵੀ ਭਾਰਤ ਵਾਪਸ ਨਹੀਂ ਜਾਣਾ ਚਾਹੁੰਦੇ।ਯੂ.ਕੇ ਵਿੱਚ ਵਿਦੇਸ਼ੀਆਂ ਨੂੰ ਨਿਯੁਕਤ ਕਰਨ ਲਈ ਇੱਕ ਸਪਾਂਸਰ ਲਾਇਸੈਂਸ ਦੀ ਲੋੜ ਹੁੰਦੀ ਹੈ। ਸੁਨਕ ਸਰਕਾਰ 'ਤੇ ਬਿਨਾਂ ਕਿਸੇ ਠੋਸ ਜਾਂਚ ਦੇ ਸੈਂਕੜੇ ਕੰਪਨੀਆਂ ਨੂੰ ਲਾਇਸੈਂਸ ਦੇਣ ਦਾ ਦੋਸ਼ ਹੈ। ਸਰਕਾਰ ਨੇ 268 ਕੰਪਨੀਆਂ ਨੂੰ ਲਾਇਸੈਂਸ ਦਿੱਤੇ, ਜਿਨ੍ਹਾਂ ਨੇ ਕਦੇ ਵੀ ਇਨਕਮ ਟੈਕਸ ਰਿਟਰਨ ਨਹੀਂ ਭਰੀ। ਲਾਇਸੰਸਸ਼ੁਦਾ ਕੰਪਨੀਆਂ ਵਿੱਚੋਂ ਕਈ ਫਰਜ਼ੀ ਵੀ ਸਨ।



# ਗਿਆਨੀ ਹੀਰਾ ਸਿੰਘ ਦਰਦ ਦੀ ਜੀਵਨੀ

ਪੰਜਾਬੀ ਬੋਲੀ ਅਤੇ ਸਹਿਤ ਵਿਚ ਮਹਤਵ ਪੂਰਨ ਹਿਸਾ ਪਾਇਆ 1 ਹੀਰਾ ਸਿੰਘ ਦਰਦ ਪਹਿਲਾ ਕਵੀ ਸੀ ਜਿਸਨੇ ਗੁਰੁਦਵਾਰਾ ਸੁਧਾਰ ਲਹਿਰ, ਅਕਾਲੀ ਲਹਿਰ,ਤੇ ਪੰਜਾਬੀ ਪ੍ਰਚਾਰ ਦੇ ਕਾਰਜਾਂ ਵਿਚ ਅਗੇ ਵਧ ਕੇ ਕੰਮ ਕੀਤਾ । ਇਸ ਸੰਬੰਧੀ ਸਰਦਾਰ ਅਵਤਾਰ ਸਿੰਘ ਅਜਾਦ ਲਿਖਦੇ ਹਨ ਕੀ ਦਰਦ ਜੀ ਪਹਿਲੇ ਕਵੀ ਸਨ ਜਿਨ੍ਹਾ ਨੇ ਇਕ ਮੋਹਰੀ ਵਾਗ ਅਕਾਲੀ ਲਹਿਰ ਵਿਚ ਹਿਸਾ ਲਿਆ ਤੇ ਹੋਰ ਕਵੀਆਂ ਨੂੰ ਵੀ ਮੈਦਾਨ ਵਿਚ ਲਿਆਂਦਾ ।

ਹੀਰਾ ਸਿੰਘ ਦੀ ਪ੍ਰਭਾਵਸ਼ਾਲੀ ਤੇ ਬਹੁਮੁਖੀ ਸ਼ਖਸ਼ੀਅਤ ਸੀ । ਜੀਵਨ ਦੇ ਹਰ ਖੇਤਰ ਵਿਚ ਉਨ੍ਹਾ ਦਾ ਪ੍ਰਭਾਵ ਦਿਖਾਈ ਦਿੰਦਾ । ਕਿਤੇ ਉਹ ਕਵੀ ਦੇ ਰੂਪ ਵਿਚ ਸਮੇ ਦੀ ਸਰਕਾਰ ਲਈ ਹਊਆ ਜਾਪਦੇ , ਕਿਧਰੇ ਪਤਰਕਾਰੀ ਰਾਹੀਂ ਸਰਕਾਰ ਨੂੰ ਚੁਨੋਤੀ ਦਿੰਦੇ, ਕਿਧਰੇ ਪੰਜਾਬੀਆ ਨੂੰ ਪੰਜਾਬੀ ਸਾਹਿਤ ਦੇ ਦਰਿਆ ਵਿਚ ਕੁਦਣ ਲਈ ਉਤਸਾਹਿਤ ਕਰਦੇ, ਕਿਧਰੇ ਉਹ ਸੂਰਬੀਰ ਪੰਜਾਬੀਆਂ ਦੇ ਮਨਾਂ ਦੀਆਂ ਧੜਕਨਾ ਬਣ ਕੇ ਦੇਸ਼ ਦੇ ਆਜ਼ਾਦੀ ਦੇ ਸੰਗਰਾਮ ਵਿਚ ਜੂਝਣ ਲਈ ਤਿਆਰ ਕਰਦੇ, ਕਿਤੇ ਉਹ ਮਾਂ -ਬੋਲੀ ਪੰਜਾਬੀ ਦੀ ਸੇਵਾ ਸੰਭਾਲ ਕਰਦੇ ਦਿਖਾਈ ਦਿੰਦੇ ਤੇ ਕਿਧਰੇ ਉਹ ਪੰਜਾਬੀ ਸਭਾ ਨੂੰ ਆਪਣੇ ਪੈਰਾਂ ਤੇ ਖੜ੍ਹੇਣ ਦੇ ਸਮਰਥ ਬਣਾਉਣ ਲਈ ਯਤਨਸ਼ੀਲ ਕੋਸ਼ਿਸ਼ਾਂ ਕਰਨ ਵਿਚ ਲਗੇ ਰਹਿੰਦੇ ।

ਇਨ੍ਹਾ ਦੀ ਬਹੁ-ਪਖੀ ਸ਼ਖਸ਼ੀਅਤ ਸਦਕਾ ਹੀ ਇਨ੍ਹਾ ਨੂੰ ਬਹੁਤ ਸਾਰੀਆਂ ਧਾਰਮਿਕ, ਸਮਾਜਿਕ,ਰਾਜਨੀਤਕ ਤੇ ਸਹਿਤਕ ਜ਼ਿਮੇਦਾਰੀਆਂ ਦੀਆਂ ਵਖ-ਵਖ ਆਹੁਦੇਦਾਰੀਆਂ ਨਿਭਾਣ ਦੇ ਯੋਗ ਸਮਝਿਆ ਗਿਆ । 1925 ਈ. ਵਿਚ ਦਰਦ ਜੀ ਨੇ ਮੁਸ਼ਤਾਕ, ਮੌਲਾ ਬਖ਼ਸ਼ ਕੁਸ਼ਤਾ ਅਤੇ ਧਨੀ ਰਾਮ ਚਾਤ੍ਰਿਕ ਨਾਲ ਮਿਲ ਕੇ ਪੰਜਾਬੀ ਸਭਾ ਦੀ ਨੀਂਹ ਰੱਖੀ। ਇਕ ਪਾਸੇ ਉਹ ਅਕਾਲੀ ਜਥੇਬੰਦੀਆਂ ਵਿਚ ਸਤਿਕਾਰੇ ਜਾਂਦੇ ਤੇ ਦੂਜੇ ਪਾਸੇ 1937 ਵਿਚ ਕਾਂਗਰਸ ਸਿਖ ਲੀਗ ਦਾ ਸੱਕਤਰ ਬਣਨ ਲਈ ਸਦਾ ਦਿਤਾ ਗਿਆ । ਧਾਰਮਿਕ ਖੇਤਰ ਵਿਚ ਵੀ ਉਹ ਸਿਖ ਰਹਿਦ ਮਰਿਆਦਾ ਦਾ ਖਰੜਾ ਤਿਆਰ ਕਰਨ ਵਾਲੀ ਸ਼ਰੋਮਣੀ ਗੁਰੁਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੀ । ਉਹ ਸਰ ਸ਼ਹਾਬੁਦੀਨ ਅਤੇ ਸ਼੍ਰੀ ਔਂਸ ਪੀ ਸਿੰਘ ਦੇ ਨਾਲ ਪੰਜਾਬੀ ਸਭਾ ਦੇ ਸੰਸਥਾਪਕਾਂ ਵਿੱਚੋਂ ਵੀ ਇੱਕ ਸਨ। 1960 ਵਿਚ ਆਪ ਨੂੰ ਪੰਜਾਬੀ ਸਰਕਾਰ ਨੇ ਸਨਮਾਨਿਆ1 1964 ਵਿਚ 75 ਸਾਲ ਦੀ ਉਮਰ ਆਪਣੇ ਪੰਥ , ਸਿਖੀ ਤੇ ਦੇਸ਼ ਦੇ ਲੈਖੇ ਲਾ ਕੇ ਇਸ ਦੁਨਿਆ ਤੋਂ ਸਦਾ ਲਈ ਵਿਦਾ ਹੋ ਗਏਪਰ ਅਚੇਤ ਰੂਪ ਵਿਚ ਉਨ੍ਹਾ ਨੇ ਪੰਜਾਬੀ ਬੋਲੀ ਦੀ ਸੇਵਾ ਵੀ ਕੀਤੀ । ਇਨ੍ਹਾ ਦੀਆਂ ਕਵਿਤਾਵਾਂ ਵਿਚ ਸਾਦਗੀ, ਗੰਭੀਰਤਾ, ਰਸ ਤੇ ਕਲਪਣਾ ਹੈ। ਇਨ੍ਹਾਂ ਦੀ ਸਾਰੀ ਕਵਿਤਾ ਸਿੱਖੀ ਪਿਆਰ ਅਤੇ ਦੇਸ਼ ਪਿਆਰ ਦੇ ਧੁਰਿਆਂ ਦੁਆਲੇ ਘੁੰਮਦੀ ਹੈ। ਆਪਦਾ ਕੇਵਲ ਇਕੋ ਇਕ ਨਿਸ਼ਾਨਾ ਤੇ ਆਸ਼ਾ ਸੀ।

"ਅਸਾਂ ਦੇਵੀ ਆਜ਼ਾਦੀ ਦੇ ਭੇਟ ਵੇਖੇ,  
ਜਾਨ ਮਾਲ ਸਰਬੰਸ ਚੜ੍ਹਾਵਣਾ ਏ।  
ਇਕ ਵੇਰ ਫਰੰਗੀ ਦੀ ਕੈਦ ਵਿਚੋਂ,  
ਭਾਰਤ ਦੇਸ਼ ਆਜ਼ਾਦ ਕਰਵਾਵਣਾ ਏ।"

ਹੀਰਾ ਸਿੰਘ ਦਰਦ ਦਾ ਜਨਮ ਉਸ ਸਮੇ ਹੋਇਆ ਜਦੋਂ ਦੇਸ਼ ਅਜਾਦ ਹੋਣ ਦੀਆਂ ਤਿਆਰੀਆਂ ਕਰ ਰਿਹਾ ਸੀ । ਦੇਸ਼ ਵਿਚ ਆਰਿਆ ਸਮਾਜ , ਸਿਖ ਸਭਾ ਤੇ ਮੁਸਲਿਮ ਲੀਗ ਆਦਿ ਲਹਿਰਾਂ ਚਲਣ ਨਾਲ ਅੰਗਰੇਜ਼ਾ ਦੀਆਂ ਕੂਟਲ ਚਾਲਾਂ ਸਾਮਣੇ ਆਈਆਂ ਜਿਸ ਨਾਲ ਲੋਗ ਭੜਕ ਗਏ ਜੀ ਨਾਲ ਹਿੰਦ ਸਰਕਾਰ ਦਾ ਖੁਲ ਕੇ ਵਿਰੋਧ ਹੋਣ ਲਗਾ । ਪੰਜਾਬ ਦੇ ਇਤਿਹਾਸ ਵਿਚ 30 ਸਤੰਬਰ ਸੰਨ 1889 ਨੂੰ ਪਿੰਡ ਘਘਰੋਟ, ਜਿਲਾ ਰਾਵਲਪਿੰਡੀ ,ਪਾਕਿਸਤਾਨ, ਵਿਚ ਇਕ ਅਜਿਹਾ ਸਪੂਤ ਜੰਮਿਆ ਜਿਸਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਨਾਲ ਨਾਲ ਪੰਜਾਬ ਦੀ ਸਹਿਤਕ ਉਨਤੀ ਤੇ ਵਿਦਿਅਕ ਉਨਤੀ ਲਈ ਆਪਣੀ ਸਾਰੀ ਜ਼ਿੰਦਗੀ ਵਾਰ ਦਿਤੀ।

ਇਨ੍ਹਾ ਦਾ ਨਾਂ ਸੀ ਹੀਰਾ ਸਿੰਘ 'ਦਰਦ' । ਉਨ੍ਹਾਂ ਦੇ ਪਿਤਾ ਪੁੰਛ ਦੇ ਇੱਕ ਬ੍ਰਾਹਮਣ ਪਰਵਾਰ ਵਿਚੋਂ ਸਨ , ਰਾਵਲਪਿੰਡੀ ਵਿੱਚ ਆਕੇ ਉਨ੍ਹਾਂ ਨੇ ਸਿੱਖ ਧਰਮ ਨੂੰ ਆਪਨਾ ਲਿਆ । ਹੀਰਾ ਸਿੰਘ ਜਦੋਂ ਥੋੜਾ ਵਡਾ ਹੋਇਆ ਤਾਂ ਪਿਤਾ ਨੇ ਰਾਵਲਪਿੰਡੀ ਦੇ ਇਕ ਈਸਾਈ ਮਿਸ਼ਨ ਸਕੂਲ ਵਿੱਚ ਦਾਖਲ ਕਰਾ ਦਿਤਾ। ਦਸਵੀਂ ਕਰਨ ਪਿਛੋਂ 1907 ਵਿੱਚ ਉਹ ਮਕਾਮੀ ਨਗਰ ਕਮੇਟੀ ਵਿੱਚ ਇੱਕ ਚੁੰਗੀ ਕਲਰਕ ਦੀ ਤੋਰ ਤੇ ਨਿਯੁਕਤ ਹੋ ਗਏ ਪਰ ਇਹ ਨੌਕਰੀ ਜਲਦੀ ਛੱਡ ਦਿੱਤੀ ਅਤੇ ਲਾਇਲਪੁਰ ਜਿਲ੍ਹੇ ਵਿੱਚ, ਚੱਕ ਨੰ. 73J.B. ਵਿਖੇ ਸਿੰਘ ਸਭਾ ਸਕੂਲ ਵਿੱਚ ਅਧਿਆਪਕ ਲੱਗ ਗਏ।

ਸਕੂਲ ਵਿੱਚ ਕੰਮ ਕਰਦੇ ਹੋਏ ਪੰਜਾਬ ਯੂਨੀਵਰਸਿਟੀ, ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ ਅਤੇ ਉਸ ਤੋਂ ਬਾਅਦ ਸਵੈ ਅਧਿਐਨ ਦੇ ਬਿਖੜੇ ਮਾਰਗ ਦੇ ਰਾਹੀ ਬਣ ਗਏ। ਪਤਾ ਨਹੀ ਦੇਸ਼ ਤੇ ਕੋਮ ਲਈ ਉਨ੍ਹਾ ਦੇ ਦਿਲ ਵਿਚ ਕਿਤਨਾ ਦਰਦ ਸੀ ਕੀ ਚੜ੍ਹਦੀ ਜਵਾਨੀ ਵਿੱਚ ਹੀ ਦਰਦ ਕਲਮੀ ਨਾਮ ਦੇ ਤਹਿਤ ਪੰਜਾਬੀ ਵਿੱਚ ਧਾਰਮਿਕ ਅਤੇ ਦੇਸ ਭਗਤੀ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿਤੀਆਂ1 ਇਸ ਅਰਸੇ ਦੇ ਦੌਰਾਨ ਉਨ੍ਹਾਂ ਨੇ ਦੋ ਕਾਵਿ ਸੰਗ੍ਰਿਹ ਉਪਕਾਰਾਂ ਦੀ ਵੰਨਗੀ ਅਤੇ ਸਿੱਖ ਬੱਚਿਓ ਜਾਗੋ, 1912 ਅਤੇ 1913 ਵਿੱਚ ਪ੍ਰਕਾਸ਼ਿਤ ਕੀਤੇ ,ਜਿਨ੍ਹਾਂ ਵਿਚੋਂ ਸਿੱਖ ਇਤਿਹਾਸਿਕ ਹਸਤੀਆਂ ਅਤੇ ਘਟਨਾਵਾਂ ਬਾਰੇ ਕਵਿਤਾਵਾਂ ਲਿਖੀਆਂ ਸਨ। ਹੀਰਾ ਸਿੰਘ ਨੇ ਅੰਗਰੇਜਾਂ ਦੁਆਰਾ ਢਾਹ ਦਿੱਤੀ ਗਈ ਗੁਰਦੁਆਰਾ ਰਕਾਬਗੰਜ਼ ਦੀ ਦੀਵਾਰ ਦੀ ਬਹਾਲੀ ਲਈ ਅੰਦੋਲਨ ਵਿੱਚ ਭਾਗ ਲਿਆ।

ਹੀਰਾ ਸਿੰਘ ਦਰਦ ਨੂੰ ਜਿਥੇ ਆਪਣੇ ਦੇਸ਼ ਲਈ ਦਰਦ ਸੀ ਉਥੇ ਸਮੁਚੀ ਮਨੁਖਤਾ ਲਈ ਵੀ ਅਥਾਹ ਪਿਆਰ ਸੀ, ਜਿਸ ਲਈ ਉਹ ਹਰ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਸੀ । ਉਹ ਗਰੀਬਾਂ , ਦੁਖੀਆਂ ਤੇ ਲੋੜਵੰਦਾ ਦੀ ਸਹਾਇਤਾ ਲਈ ਹਮੇਸ਼ਾਂ ਤਤਪਰ ਰਹਿੰਦੇ । ਉਨ੍ਹਾ ਵਿਚ ਅਨੇਕ ਪ੍ਰਕਾਰ ਦੇ ਸਹਿਤਕ ਗੁਣਾਂ ਦੇ ਨਾਲ ਨਾਲ ਆਜ਼ਾਦੀ ਲਈ ਤੜਪ , ਦੇਸ਼ ਪਿਆਰ , ਪੰਜਾਬ ਲਈ ਦਰਦ , ਪਰਉਪਕਾਰ , ਦ੍ਰਿੜਤਾ , ਆਪਣੇ ਤੇ ਵਿਸ਼ਵਾਸ , ਬੇਪਰਵਾਹੀ , ਨਿਧੜਕਤਾ ਆਦਿ ਅਨੇਕ ਗੁਣ ਸਨ ।

ਨਿਡਰ ਹੋਕੇ ਗਲ ਕਹਿਣੀ ਤੇ ਉਸਤੇ ਪਹਿਰਾ ਦੇਣਾ ਉਨ੍ਹਾ ਦੀ ਸ਼ਖਸ਼ੀਅਤ ਦਾ ਇਕ ਖਾਸ ਗੁਣ ਸੀ । ਕਲਕਤਾ ਵਿੱਚ ਹੁਗਲੀ ਦੇ ਬਜਬਜ ਘਾਟ ਤੇ ਬਰਤਾਨਵੀ ਗੋਲੀਆਂ ਨਾਲ ਸ਼ਹੀਦ ਕਰ ਦਿੱਤੇ ਗਏ ਕਾਮਾਗਾਟਾਮਾਰੂ ਦੇ ਮੁਸਾਫਰਾਂ ਲਈ 1915 ਵਿੱਚ ਉਨ੍ਹਾਂ ਦੇ ਸਕੂਲ ਵਿੱਚ ਗੁਰੂ ਗਰੰਥ ਸਾਹਿਬ ਦੇ ਪਾਠ ਦਾ ਪ੍ਰਬੰਧ ਕਰਨ ਅਤੇ ਅਰਦਾਸ ਕਰਵਾਉਣ ਵਾਲਿਆਂ ਵਿੱਚੋਂ ਉਹ ਵੀ ਇੱਕ ਸਨ, ਜਿਸਦੇ ਲਈ ਉਨ੍ਹਾਂ ਨੂੰ ਗਿਰਫਤਾਰ ਵੀ ਹੋਣਾ ਪਿਆ । ਸਰਕਾਰ ਨੇ ਜਦ ਇਨ੍ਹਾ ਨੂੰ ਮੁਆਫੀ ਮੰਗਣ ਲਈ ਕਿਹਾ ਤਾਂ ਇਨ੍ਹਾ ਨੇ ਮੁਆਫੀ ਮੰਗਣ ਤੋਂ ਇਨਕਾਰ ਕਰ ਦਿਤਾ ਤੇ ਸਜ਼ਾ ਭੁਗਤਨ ਨੂੰ ਤਿਆਰ ਹੋ ਗਏ ।

1920 ਵਿੱਚ , ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਮੰਗਲ ਸਿੰਘ ਅਤੇ ਹੋਰਨਾਂ ਨੇ ਮਿਲ ਕੇ ਲਾਹੌਰ ਤੋਂ ਪੰਜਾਬੀ ਦੈਨਿਕ ਅਖਬਾਰ, ਅਕਾਲੀ, ਸ਼ੁਰੂ ਕਰ ਦਿੱਤਾ। ਹੀਰਾ ਸਿੰਘ ਨੂੰ ਇਸਦਾ ਸਹਾਇਕ ਸੰਪਾਦਕ ਨਿਯੁਕਤ ਕੀਤਾ ਗਿਆ। ਇਹ ਸਮਾਚਾਰ ਪੱਤਰ ਕੱਟੜ ਸਰਕਾਰ ਵਿਰੋਧੀ ਸੀ ਅਤੇ ਹੀਰਾ ਸਿੰਘ ਨੂੰ ਇਸਦਾ ਸੰਪਾਦਕ ਹੋਣ ਨਾਤੇ ਕਈ ਵਾਰ ਜੇਲ ਯਾਤਰਾ ਕਰਨੀ ਪਈ। 1924 ਵਿੱਚ ਜੇਲ੍ਹ ਤੋਂ ਬਾਹਰ ਆਕੇ ਉਨ੍ਹਾਂ ਨੇ ਇੱਕ ਸਾਹਿਤਕ ਮਾਸਿਕ ਪੰਜਾਬੀ ਪੱਤਰ ਫੁਲਵਾੜੀ ਦਾ ਆਰੰਭ ਕੀਤਾ ਜੋ ਪੰਜਾਬੀ ਸਾਹਿਤ ਦੀ ਪ੍ਰਗਤੀਸ਼ੀਲ ਲਹਿਰ ਨੂੰ ਵਿਕਸਿਤ ਕਰਨ ਵਿੱਚ ਇੱਕ ਮੀਲ-ਪੱਥਰ ਬਣ ਨਿਬੜਿਆ ਸੀ। 1930 ਵਿਚ ਇਹ ਕਿਸੇ ਵਜ੍ਹਾ ਕਰਕੇ ਬੰਦ ਕਰਨਾ ਪਿਆ ਜੋ 1947 ਵਿੱਚ ਪੰਜਾਬ ਦੀ ਵੰਡ ਦੇ ਬਾਅਦ ਉਹਨਾਂ ਨੇ ਜਲੰਧਰ ਵਿੱਚ ਆਕੇ ਮੁੜ ਸ਼ੁਰੂ ਕਰ ਦਿਤਾ ।

ਇਨ੍ਹਾ ਵਿਚ ਇਕ ਕਮਾਲ ਦੀ ਗਲ ਸੀ 1 ਉਨ੍ਹਾ ਦਾ ਕੁਝ ਸਖ਼ਸ਼ਿਅਤਾਂ ਨਾਲ ਸਿਧਾਂਤਿਕ ਮਤ-ਭੇਦ ਹਮੇਸ਼ਾਂ ਹੀ ਰਿਹਾ ਪਰ ਸਮਾਜਿਕ ਤੋਰ ਤੇ ਉਨ੍ਹਾ ਨਾਲ ਰਿਸ਼ਤਿਆਂ ਵਿਚ ਕਦੀ ਕੋਈ ਫਰਕ ਨਹੀਂ ਆਇਆ । ਮਾਸਟਰ ਤਾਰਾ ਸਿੰਘ ਨਾਲ ਸਿਧਾਂਤਿਕ ਮਤ-ਭੇਦ ਉਨ੍ਹਾ ਦੇ ਸਦਾ ਰਹੇ 1 ਸੰਨ 1950 ਵਿਚ ਉਨ੍ਹਾ ਦੀ ਲਿਖੀ ਇਕ ਪੁਸਤਕ "ਪੰਥ ਧਰਮ ਤੇ ਰਾਜਨੀਤੀ " ਵਿਚ ਮਾਸਟਰ ਤਾਰਾ ਸਿੰਘ ਤੇ ਹੋਰ ਵਡੇ ਵਡੇ ਅਕਾਲੀ ਲੀਡਰਾਂ ਦੀ ਕੜੀ ਆਲੋਚਨਾ ਕੀਤੀ 1 ਇਸਤੋਂ ਪਿਛੋਂ 10 ਜਨਵਰੀ 1960 ਦੇ ਅਜੀਤ ਅਖਬਾਰ ਵਿਚ ਮਾਸਟਰ ਜੀ ਦੀਆਂ ਸੋਹਾਂ, ਪ੍ਰਣ ਤੇ ਨਾਹਰੇ ਅਤੇ ਇਸੇ ਦਿਨ ਅਜੀਤ ਵਿਚ ਹੀ " ਮਾਸਟਰ ਤਾਰਾ ਸਿੰਘ ਜੀ ਦੀ ਮਾਨਸਿਕ ਸਥਿਤੀ ਤਰਸਯੋਗ ਤੇ ਚਿੰਤਾਜਨਕ ",ਲੇਖਾਂ ਤੋਂ ਬਿਨਾ " ਅਕਾਲੀਆਂ ਲਈ ਫੈਸਲੇ ਦੀ ਘੜੀ " ਵਰਗੇ ਟ੍ਰੈਕਟ ਵੀ ਕਢੇ । ਪਰ ਹੈਰਾਨੀ ਦੀ ਗਲ ਹੈ ਕੀ ਜਦੋਂ ਗਿਆਨੀ ਹੀਰਾ ਸਿੰਘ ਜੀ 1965 ਵਿਚ ਬੀਮਾਰ ਪਏ ਤਾਂ ਮਾਸਟਰ ਤਾਰਾ ਸਿੰਘ ਜੀ ਬੁਢਾਪੇ ਤੇ ਕਮਜ਼ੋਰੀ ਦੀ ਹਾਲਤ ਵਿਚ ਵੀ ਦਰਦ ਜੀ ਦੀ ਮਿਜ਼ਾਜ਼ ਪੁਰਸ਼ੀ ਲਈ ਇਨ੍ਹਾ ਕੋਲ ਮਾਡਲ ਹਾਊਸ ਆਏ ਤੇ ਸਾਰਾ ਦਿਨ ਉਨ੍ਹਾ ਦੀ ਮੰਜੀ ਕੋਲ ਕਰਸੀ ਡਾਹ ਕੇ ਬੈਠੇ ਰਹੇ।

ਹੀਰਾ ਸਿੰਘ ਨੇ ਆਪ ਬਹੁਤ ਸਾਰੀ ਬਹੁਪਖੀ ਸਹਿਤਕ ਰਚਨਾ ਕੀਤੀ ਹੈ । ਕਵਿਤਾ ਵਾਰਤਕ , ਲੇਖ, ਜੀਵਨੀ ,ਸਫਰਨਾਮਾ ਤੇ ਪਤਰਕਾਰੀ ਦੇ ਖੇਤਰ ਵਿਚ ਆਪਦਾ ਨਾਂ ਮੋਢੀਆਂ ਵਿਚੋਂ ਲਿਆ ਜਾਂਦਾ ਹੈ । ਹੋਰਨਾਂ ਲਈ ਉਤਸ਼ਾਹ ਪੈਦਾ ਕਰਨਾ ਵੀ ਦਰਦ ਦੀ ਜਿੰਦਗੀ ਦਾ ਇਕ ਤਕੜਾ ਪੱਖ ਸੀ । ਗੁਰਬਖਸ਼ ਸਿੰਘ ਦੇ ਰਸਾਲੇ ਪ੍ਰੀਤਲੜੀ ਕੋਈ ਪ੍ਰੇਸ ਛਾਪਣ ਨੂੰ ਤਿਆਰ ਨਹੀਂ ਸੀ । ਦਰਦ ਨੇ ਪ੍ਰੀਤਲੜੀ ਦਾ ਪਹਿਲਾ ਪਰਚਾ ਆਪਣੀ ਫੁਲਵਾੜੀ ਪ੍ਰੇਸ ਤੋਂ ਛਾਪਿਆ ਬੇਸ਼ਕ ਇਸ ਕਰਕੇ ਬਹੁਤ ਵਾਰੀ ਆਪ ਨੂੰ ਜੇਲ ਵੀ ਜਾਣਾ ਪਿਆ ।

ਇਨ੍ਹਾ ਨੂੰ ਸਿਖ ਸਿਧਾਂਤਾਂ ਅਨੁਸਾਰ ਮਨੁਖਤਾ ਨਾਲ ਬੇਹਦ ਪਿਆਰ ਸੀ । ਜਾਤ-ਪਾਤ ਤੇ ਮਜਹਬ ਦੇ ਵਖਰੇਵੇਂ ਦੇ ਕਿਸੇ ਸਿਧਾਂਤ ਨੂੰ ਇਹ ਨਹੀਂ ਸੀ ਮੰਨਦੇ ਜਿਸਦੀ ਝਲਕ ਇਨ੍ਹਾ ਦੀਆਂ ਕਵਿਤਾਵਾਂ ਵਿਚ ਸਾਫ਼ ਨਿਖਰ ਕੇ ਆਉਂਦੀ ਹੈ ।

ਚੰਗੇ ਨਾ ਹਿੰਦੂ ਸਾਰੇ, ਮੰਦੇ ਚਮਿਆਰ ਨਾ  
ਉਚਾਂ ਤੇ ਨੀਚਾਂ ਦੀ ਦਰਗਹਿ ਵਿਚਾਰ ਨਾ  
ਉਚਾ ਹੈ ਸੋਇ ਜੇਹੜਾ ਰੱਬ ਨੂੰ ਚਿਤਾਰਦਾ

ਜਾਤ-ਪਾਤ ਲਈ ਉਸਦੇ ਕਟੜ ਵਿਰੋਧ ਵਾਲੀਆਂ ਇਕ ਦੋ ਘਟਨਾਵਾਂ ਦਾ ਜਿਕਰ ਉਨ੍ਹਾ ਨੇ ਆਪਣੀ ਪੁਸਤਕ ,' ਮੇਰੀਆਂ ਕੁਝ ਇਤਿਹਾਸਿਕ ਯਾਦਾਂ " ਵਿਚ ਬੜੇ ਵਿਸਥਾਰ ਨਾਲ ਕੀਤਾ ਹੈ ਜਿਸ ਵਿਚ ਉਨ੍ਹਾ ਨੇ ਕਾਂਗਰਸੀ ਆਗੂ ਵਲੋਂ ਨੀਵੀਆਂ ਜਾਤਾਂ ਨਾਲ ਕੀਤੀ ਦਿਖਾਵੇ ਮਾਤਰ ਬਰਾਬਰੀ ਦਾ ਪਰਦਾ ਫਾਸ਼ ਕੀਤਾ ਹੈ । ਜਿਸ ਵਿਚ ਉਨ੍ਹਾ ਦਾ ਇਕ ਸਚੇ ਸੁਚੇ ਤੇ ਉਚੇ ਸਿਖੀ ਅਸੂਲਾਂ ਨੂੰ ਦ੍ਰਿੜਤਾ ਨਾਲ ਮੰਨਣ ਦਾ ਪ੍ਰਤਖ ਪ੍ਰਮਾਣ ਹੈ ।

ਸਿਖ ਸਿਧਾਂਤਾ ਨੂੰ ਪ੍ਰਚਾਰਨਾ , ਦੇਸ਼ ਦੀ ਆਜ਼ਾਦੀ ਲਈ ਲੜੀ ਜੰਗ ਲਈ ਲੋਕਾ ਨੂੰ ਤਿਆਰ ਕਰਨਾ , ਸਮਕਾਲੀ ਸਮਰਾਜੀ ਦੇ ਵਿਰੁਥ ਟਕਰ ਲੈਣਾ ਉਨ੍ਹਾ ਦੇ ਸਹਿਤ ਦਾ ਮੁਖ ਨਿਸ਼ਾਨ ਸੀ । ਉਨ੍ਹਾਂ ਨੇ ਗੁਰੂ ਸਾਹਿਬ ਦੀਆਂ ਕੁਰਬਾਨੀਆਂ ਤੇ ਜੋਰ ਜਬਰ ਦੇ ਵਿਰੁਧ ਕਰੜੀਆਂ ਘਾਲਨਾਵਾਂ ਨੂੰ ਸਾਮਣੇ ਰਖ ਕੇ ਸਮਕਾਲੀ ਸਮਰਾਜ ਦੇ ਸਾਮਣੇ ਲੋਕਾ ਨੂੰ ਡਟ ਜਾਣ ਲਈ ਪ੍ਰੇਰਿਤ ਕੀਤਾ । ਭਾਵੇ ਸ਼ੁਰੂ ਸ਼ੁਰੂ ਵਿਚ ਉਨ੍ਹਾ ਦਾ ਨਿਸ਼ਾਨਾ ਸਿਖੀ ਪ੍ਰਚਾਰ ਤੇ ਆਜ਼ਾਦੀ ਦੀ ਲੜਾਈ ਹੀ ਸੀ